
# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਤਖਤ ਸ੍ਰੀ ਕੇਸਗੜ੍ਹ, ਅਨੰਦਪੁਰ ਸਾਹਿਬ

MARCH 1981



ਮਾਰਚ ੧੯੮੧

www.AKJ.Org

ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਖੋਟੇ ਖਰੇ ਸਭਿ ਪਰਖੀਅਨਿ | ਵਡਹੰਸੁ ਮਹਲਾ ੩ | ੩ |
| ਦਸਮ ਦੁਆਰ–ਸਚਖੰਡ ਆਨੰਦ | ਭਾ: ਸਾ: ਭਾਈ ਰਣਧੀਰ ਸਿੰਘ ਜੀ | ੪ |
| 'ਭਰਮੁ' ਅਤੇ 'ਕਰਮੁ' | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੯ |
| ਪੰਥ-ਖਾਲਸਾ ਦੇ ਨਾਮ ਇਕ ਦਰਦ ਭਰੀ ਅਪੀਲ | ਬਾਵਾ ਹਰਿਕ੍ਰਿਸ਼ਨ ਸਿੰਘ ਜੀ | ੧੧ |
| ਖਾਲਸੇ ਨੇ ਵਿਗੜੀ ਸਵਾਰੀ ਹਿੰਦੁਸਤਾਨ ਦੀ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿੱਤਰ | ੧੮ |
| ਹੋਲੀ ਕੀਨੀ ਸੰਤ ਸੇਵ | ਗਿ: ਜਨਕ ਸਿੰਘ ਜੀ ਨਿਰਮਾਣ | ੧੯ |
| ਮੇਰਾ ਮਨੁ ਦਇਆਲ ਸੇਤੀ ਥਿਰੁ ਨ ਰਹੈ | 'ਸੂਰਾ' ਪਰਵਾਰ | ੨੧ |
| ਗਰਬਾਣੀ ਦੀ ਮਹਿਮਾ ਤੇ ਸਤਿਕਾਰ | ਬੀਬੀ ਦਲਜੀਤ ਕੌਰ ਜੀ | ੨੬ |
| ਸਲੋਕ ਸਹਸਕ੍ਰਿਤੀ ਮਹਲਾ ੧ (ਅਰਥ ਵਿਚਾਰ) | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੨੭ |
| ਭਾਈ ਹਰਭਜਨ ਸਿੰਘ ਜੋਗੀ ਨੇ ਮਾਫ਼ੀ ਮੰਗੀ | ਜਥੇਦਾਰ ਸਾਹਿਬ | ੩੧ |
| ਇਕਸੁ ਹਰਿ ਕੇ ਨਾਮ ਵਿਣੁ ਧ੍ਰਿਗੁ ਜੀਵਣ ਧ੍ਰਿਗੁ ਵਾਸ | ਮਾਸਟਰ ਜੁਗਿੰਦਰ ਸਿੰਘ ਜੀ ਬੜੂੰਦੀ | ੩੩ |
| ਮਨੁ ਦੇ ਰਾਮੁ ਲੀਆ ਹੈ ਮੋਲਿ | ਪ੍ਰੋਫ਼ੇਸਰ ਸਾਹਿਬ ਸਿੰਘ ਜੀ | ੩੫ |
| ਮਲ੍ਹਮ ਦੀ ਡੱਬੀ (ਕਵਿਤਾ) | ਮਾ: ਮਾਘ ਸਿੰਘ ਜੀ | ੩੮ |
| ਭੁਲਦੇ 'ਉਸ' ਨੂੰ ਜਾ ਰਹੇ ਹਾਂ ,, | ਸ: ਨਿਰਮਲਜੀਤ ਸਿੰਘ ਜੀ | ੩੯ |
| ਖਾਲਸਾ ,, | ਸ: ਮਨਜੀਤ ਸਿੰਘ ਜੀ ਇੰਜੀਨੀਅਰ | ੩੯ |
| ਸੱਚਾ ਸਾਹਿਬ ਅੱਲਾ ਮਾਲਕ ,, | ਸ: ਤ੍ਰਿਲਕ ਸਿੰਘ ਜੀ ਵਾਸੂ | ੪੦ |
| ਭੈੜੇ ਨਸ਼ਿਆਂ ਨੇ ਕੀਤੀ ਬਹੁਤ ਖੁਆਰੀ ,, | ਗਿ: ਸਰੂਪ ਸਿੰਘ ਜੀ ਦਰਵੇਸ਼ | ੪੧ |


ਹੋਲਾ ਮਹੱਲਾ ੨੧ ਮਾਰਚ

## 'ਸੂਰਾ' ਮਾਸਕ ਪੱਤਰ ਨੂੰ ਪੁੱਜੀ ਸਹਾਇਤਾ

| | | |
|---|---|---|
| ਸ: ਬਲਵੰਤ ਸਿੰਘ ਅੰਮ੍ਰਿਤਸਰ ਵਲੋਂ ਬੱਚੀ ਦੇ ਅਨੰਦ ਕਾਰਜ ਸਮੇਂ | ਸ੍ਰੀ ਅਖੰਡ ਪਾਠ ਸਮਾਗਮ ਦੀ ਭੇਟਾ | ੮੩-੬੫ |
| ਸ: ਗੁਰਬਖਸ਼ ਸਿੰਘ ਸਿਵੀਆ ਯੂ. ਕੇ. ਵਲੋਂ ... ... | ਸੂਰਾ ਦੀ ਚੜ੍ਹਦੀ ਕਲਾ ਲਈ | ੮੦-੦੦ |
| ਸੂਬੇਦਾਰ ਮੇਜਰ ਪ੍ਰੀਤਮ ਸਿੰਘ ਪੂਨਾ ਵਲੋਂ ... ... | ,, ,, ,, | ੨੫-੦੦ |
| ਸ: ਹਰਬੰਸ ਸਿੰਘ ਅਹਿਮਦਗੜ੍ਹ ਮੰਡੀ ਵਲੋਂ ... ... | ,, ,, ,, | ੨੦-੦੦ |
| ਸ: ਗੋਪਾਲ ਸਿੰਘ ਪਟਿਆਲਾ ਵਲੋਂ ... ... | ,, ,, ,, | ੫-੦੦ |
| ਗੁਪਤ ਦਾਨ ... ... | ,, ,, ,, | ੨-੦੦ |
| ਸ: ਮਲਕੀਅਤ ਸਿੰਘ ਯੂ. ਕੇ. ਵਲੋਂ ... ... | ,, ,, ,, | ੩੪-੩੨ |
| ਸ: ਆਗਿਆ ਸਿੰਘ ਕਾਨਪੁਰ ਵਲੋਂ ... ... | ,, ,, ,, | ੨੦੮-੦੦ |

ਸਤਿਗੁਰੂ ਸਭ ਵੀਰਾਂ ਭੈਣਾਂ ਨੂੰ ਗੁਰਸਿਖੀ ਸਿਦਕ ਤੇ ਚੜ੍ਹਦੀਆਂ ਕਲਾ ਬਖਸ਼ਣ।

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਾਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੪. ੨. ੮੧ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ : 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ਸ੍ਰੀ ਅੰਮ੍ਰਿਤਸਰ


| | |
|---|---|
| ਸਲਾਨਾ ਚੰਦਾ | ੧੦·੦੦ |
| ਇਕ ਪਰਚਾ | ੧·੦੦ |

**ਪਰਦੇਸ**

| | |
|---|---|
| ਸਮੁੰਦਰੀ ਡਾਕ | ੧੮-੫੦ |

**ਹਵਾਈ ਡਾਕ**

| | |
|---|---|
| ਅਰਬ, ਮਲਾਇਆ | ੩੫-੦੦ |
| ਯੂ. ਕੇ, ਅਫਰੀਕਾ | ੫੦-੦੦ |
| ਕੈਨੇਡਾ, ਅਮਰੀਕਾ | ੫੫·੦੦ |



**ਸੰਪਾਦਕੀ ਬੋਰਡ**

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰਿੰ: ਗੁਰਮੁਖ ਸਿੰਘ
ਗਿ:ਗੁਰਬਚਨ ਸਿੰਘ
ਭਾਈ ਸੇਵਾ ਸਿੰਘ


ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ


ਜਿਲਦ ੧੫ ਮਾਰਚ ੧੯੮੧ ਅੰਕ ੩


## ਖੋਟੇ ਖਰੇ ਸਭਿ ਪਰਖੀਅਨਿ

ਖੋਟੇ ਖਰੇ ਸਭਿ ਪਰਖੀਅਨਿ ਤਿਤੁ ਸਚੇ ਕੈ ਦਰਬਾਰਾ ਰਾਮ ॥
ਖੋਟੇ ਦਰਗਹ ਸੁਟੀਅਨਿ ਊਭੇ ਕਰਨਿ ਪੁਕਾਰਾ ਰਾਮ ॥
ਊਭੇ ਕਰਨਿ ਪੁਕਾਰਾ ਮੁਗਧ ਗਵਾਰਾ ਮਨਮੁਖਿ ਜਨਮੁ ਗਵਾਇਆ ॥
ਬਿਖਿਆ ਮਾਇਆ ਜਿਨਿ ਜਗਤੁ ਭੁਲਾਇਆ ਸਾਚਾ ਨਾਮੁ ਨ ਭਾਇਆ ॥
ਮਨਮੁਖ ਸੰਤਾ ਨਾਲਿ ਵੈਰੁ ਕਰਿ ਦੁਖੁ ਖਟੇ ਸੰਸਾਰਾ ॥
ਖੋਟੇ ਖਰੇ ਪਰਖੀਅਨਿ ਤਿਤੁ ਸਚੈ ਦਰਵਾਰਾ ਰਾਮ ॥

ਵਡਹੰਸੁ ਮਹਲਾ ੩, ਪੰਨਾ ੫੭੦




www.AKJ.Org

# ਦਸਮ ਦੁਆਰ—ਸਚਖੰਡ ਆਨੰਦ

[ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਸਚਖੰਡ ਮੰਡਲ ਦੀ ਖੇਡ ਗੁਰਮੁਖ ਜਨਾਂ ਦੇ ਅੰਦਰ ਵਾਪਰਦੀ ਹੈ । ਉਹ ਪਰਤੱਖ ਇਸ ਖੰਡ ਨੂੰ ਲਖਦੇ ਹਨ, ਅਤੇ ਲਖ ਲਖ ਕੇ ਖੀਵੇ ਹੋ ਜਾਦੇ ਹਨ । ਪਰ ਉਸ ਖੰਡ ਨੂੰ ਦੂਜਿਆਂ ਪਰ ਕਾਗਤੀ ਨਕਸ਼ੇ ਲਿਖ ਲਿਖ ਕੇ ਲਖਾਉਣ ਦੀ ਸਮਰੱਥਾ ਉਹਨਾਂ ਪਾਸ ਨਹੀਂ ਰਹਿੰਦੀ । ਨਾ ਹੀ ਲਖਾਈ ਜਾ ਸਕਦੀ ਹੈ । ਜਦੋਂ ਗੁਰ-ਕਰਣਾ ਦੁਆਰਾ ਅੰਦਰਲਾ ਗਗਨ ਗਮਨੰਤਰੀ ਹੋ ਕੇ ਗਮਕ ਉਠਦਾ ਹੈ ਤਾਂ ਉਹ ਭੋਗ-ਸੰਜੋਗੀ-ਸੇਜਵਾਲੂਆ ਬੇ-ਖ਼ੁਦ ਹੋ ਕੇ, ਪਰ ਹੁਸ਼ਿਆਰ-ਬਿਰਤਿ ਹੋਸ਼ ਮਸਤੀ ਵਿਚ ਇਉਂ ਪੁਕਾਰ ਉਠਦਾ ਹੈ :—

ਸੋਹਿਅੜੇ ਸੋਹਿਅੜੇ ਮੇਰੇ ਬੰਕ ਦੁਆਰੇ ਰਾਮ ॥......
ਕਹੁ ਨਾਨਕ ਸਹੁ ਘਰ ਮਹਿ ਬੈਠਾ ਸੋਹੇ ਬੰਕ ਦੁਆਰੇ ॥੨॥

ਆਸਾ ਮ: ੫ ਛੰਤ, ਪੰਨਾ ੪੫੨

ਇਸ ਬਿਧਿ ਰਸ-ਜੋਤਿ-ਸਰਸ਼ਾਰੀਆਂ, ਭੋਗ-ਸੰਜੋਗ ਸਿਹਜਾਰੀਆਂ ਦਾ ਬੰਕ ਦੁਆਰਾ, ਦਸਮ ਦੁਆਰਾ ਸਚਖੰਡ ਦਰਸ਼ਨਾਂ ਦੇ ਰੌਸ਼ਨ ਕਰਨਹਾਰਾ ਚਾਨਣ-ਮੁਨਾਰਾ ਬਣ ਜਾਂਦਾ ਹੈ । ਜਦ ਸਗਲ ਭਵਨ ਦਾ ਨਾਇਕ ਘਰ ਮੰਦਰ ਅੰਦਰ ਹੀ ਆਣ ਵੁਠਦਾ ਹੈ ਤਾਂ ਸਾਰੇ ਕਉਤਕ ਅੰਤਰਗਤ ਹੀ ਵਰਤ ਜਾਂਦੇ ਹਨ । ਆਪੇ ਤੋਂ ਬਾਹਰ ਹੋ ਕੇ ਉਸ ਦਾ ਕੜ ਪਾਟ ਉਠਦਾ ਹੈ ਅਤੇ ਉਸ ਤੋਂ ਰਿਹਾ ਨਹੀਂ ਜਾਂਦਾ, ਭਾਈ ਮਖਣ ਸ਼ਾਹ ਲੁਬਾਣੇ ਵਾਂਗੂੰ ਆ-ਮੁਹਾਰਾ ਪੁਕਾਰ ਉਠਦਾ ਹੈ :—

ਨਵ ਨਿਧੇ ਨਉ ਨਿਧੇ ਮੇਰੇ ਘਰ ਮਹਿ ਆਈ ਰਾਮ ॥ ਸਭੁ ਕਿਛੁ ਮੈ ਸਭੁ ਕਿਛੁ ਪਾਇਆ ਨਾਮੁ ਧਿਆਈ ਰਾਮ ॥ ਨਾਮੁ ਧਿਆਈ ਸਦਾ ਸਖਾਈ ਸਹਜ ਸੁਭਾਈ ਗੋਵਿੰਦਾ ॥ ਗਣਤ ਮਿਟਾਈ ਚੂਕੀ ਧਾਈ ਕਦੇ ਨ ਵਿਆਪੈ ਮਨਚਿੰਦਾ ॥ ਗੋਵਿੰਦ ਗਾਜੇ ਅਨਹਦ ਵਾਜੇ ਅਚਰਜ ਸੋਭ ਬਣਾਈ ॥ ਕਹੁ ਨਾਨਕ ਪਿਰੁ ਮੇਰੈ ਸੰਗੇ ਤਾ ਮੈ ਨਵਨਿਧਿ ਪਾਈ ॥੩॥

ਆਸਾ ਮ: ੫ ਛੰਤ, ਪੰਨਾ ੪੫੨-੫੩

ਜੋ ਸੁਖ-ਸੇਜ-ਭੋਗੋਲੂਆ ਪਰਮਾਤਮਾ-ਪ੍ਰਾਪਤੀ ਦਾ ਘਟ ਮੰਦਰ ਅੰਦਰ ਹੀ ਰਸ ਭੋਗਦਾ ਹੈ ਅਤੇ "ਪਿਰੁ ਮੇਰੈ ਸੰਗੇ" ਦਾ ਸੋਹਿਲਾ ਅਲਾਪ ਅਲਾਪ ਦਿਨ ਰਾਤਿ ਪਿਰ ਸੰਗ ਰੰਗ-ਰਲੀਆਂ ਮਾਣ ਕੇ ਸੁਆਦ ਅਹਿਲਾਦ ਨੂੰ ਬਿਸਮਾਦ ਹੋਇ ਹੋਇ ਜਜ਼ਬ ਕਰਦਾ ਹੈ, ਉਹ ਸਚ ਮੁਚ ਨਵ ਨਿਧੀਆਂ ਦਾ ਭੰਡਾਰ ਬਣ ਜਾਂਦਾ ਹੈ ਤੇ ਉਸ ਨੂੰ ਇਹ ਆਖਣਾ ਖ਼ੂਬ ਫਬਦਾ ਹੈ ਕਿ :—

ਸਭੁ ਕਿਛੁ ਮੈ ਸਭੁ ਕਿਛੁ ਪਾਇਆ ਨਾਮੁ ਧਿਆਈ ਰਾਮ ॥ (ਪੰਨਾ ੪੫੨)

ਇਸ ਕਥਨ ਮਾਤਰ ਵਿਚ ਰਾਈ ਮਾਤਰ ਭੀ ਹਉਮੈ ਦੀ ਕਾਈ ਨਹੀਂ ਹੁੰਦੀ, ਕਿਉਂਕਿ ਉਸ ਨੇ ਜੋ ਕੁਛ ਪਾਇਆ ਸੋ ਸਭ "ਨਾਮ ਧਿਆਈ" ਹੀ ਪਾਇਆ ਹੈ । ਇਹ ਸਭ ਨਾਮ ਅਭਿਆਸ, ਗੁਰਮਤਿ ਨਾਮ ਅਭਿਆਸ ਕਮਾਈ ਨੂੰ ਬਰਕਤਾਂ ਹਨ । ਕੇਵਲ ਗੁਰਮਤਿ ਨਾਮ ਅਭਿਆਸ ਕਮਾਈ ਕਰਿ ਕਰਿ ਹੀ, ਅਤੁਟ ਕਮਾਈ ਕਰਿ ਹੀ, ਇਸ ਪਦ ਦੀ ਪ੍ਰਾਪਤੀ ਹੁੰਦੀ ਹੈ। ਅਥਾਹ ਪਦ ਨੂੰ ਕਮਾਈਆਂ ਕਰਕੇ ਹੀ ਪਾਈਦਾ ਹੈ। ਗੁਰਮਤਿ ਨਾਮ ਦੀ ਅਤੁਟ ਕਮਾਈ ਕਰਨਹਾਰੇ ਨੂੰ ਊਣਤਾਈ ਕਿਸੇ ਸ਼ੈ ਦੀ ਨਹੀਂ ਰਹਿੰਦੀ । ਕੋਈ ਏਸ ਗੱਲ ਦਾ ਗਿਲਾ ਨਹੀਂ ਕਰ ਸਕਦਾ ਕਿ ਮੈਨੂੰ ਕਮਾਈ ਨਾਮ ਅਭਿਆਸ ਦੀ ਕਰ ਕੇ ਕੁਝ ਨਹੀਂ ਲਭਾ । ਉਸ ਨੇ ਕਮਾਈ ਹੀ ਨਹੀਂ ਕੀਤੀ, ਕੀਤੀ ਹੋਊ ਤਾਂ ਰੰਚਕ ਮਾਤਰ ਅਲਪ ਕਮਾਈ ਕਰ ਕੇ ਬਫਾ ਗਿਆ ਹੋਊ । "ਸੇਵਾ ਥੋਰੀ ਮਾਗਨ



www.AKJ.Org

ਬਹੁਤਾ" ਵਾਲਾ ਗੁਰਵਾਕ ਹੀ ਉਸ ਤੇ ਘਟੂ, ਨਹੀਂ ਤਾਂ ਗੁਰਮਤਿ ਨਾਮ ਅਭਿਆਸ ਕਮਾਈਆਂ ਕਰੀ ਜਾਣ ਵਾਲ ਅਤੁਟ ਅਭਿਆਸੀ ਨੂੰ ਘਾਟਾ ਕਿਸੇ ਗੱਲ ਦਾ ਨਹੀਂ ਰਹਿੰਦਾ। ਇਹ ਕਮਾਤਾ ਅਜ਼ਮਾਤਾ ਹੋਇਆ ਗੁਰੂ ਪੰਗਤਾ ਅਟੱਲ ਸਤਤਾ ਵਾਲਾ ਹੈ :—

ਸਭੁ ਕਿਛੁ ਮੈ ਸਭੁ ਕਿਛੁ ਪਾਇਆ ਨਾਮੁ ਧਿਆਈ ਰਾਮ ॥ (੪੫੨)

ਅਤੁਟ ਅਭਿਆਸੀ ਤਤ ਕਮਾਈ ਨਾਮ ਧਿਆਈ ਵਾਲੀ ਜਿਸ ਗੁਰਮੁਖ ਭਗਤ ਜਨ ਨੇ ਕੀਤੀ ਹੈ, ਉਸ ਦਾ ਗੋਵਿੰਦ ਗੁਣੀ ਨਿਧਾਨ ਵਾਹਿਗੁਰੂ ਸਹਜ ਸੁਭਾਈ ਹੀ ਸਦਾ ਸਦਾ ਸਖਾਈ ਬਣ ਗਿਆ ਹੈ ਅਤੇ ਅੰਗ ਸੰਗ ਸਹਾਈ ਹੋ ਗਿਆ ਹੈ। ਉਸ ਦੀ ਸਾਰੀ ਗਣਤ ਮਿਟ ਗਈ ਹੈ। ਉਸ ਦੀ ਆਨਕਤ ਧਾਈਆਂ ਭੀ ਸਾਰੀਆਂ ਚੁਕਾਈਆਂ ਗਈਆਂ ਹਨ। ਚਿੰਤਾ ਚਿਤਵਨੀਆਂ ਉਸ ਨੂੰ ਫੇਰ ਕਦੇ ਨਹੀਂ ਵਿਆਪਦੀਆਂ। ਚਿੰਤਾ ਧਾਵਨੀਆਂ ਉਥੇ ਕੀ ਰਹਿਣੀਆਂ ਸਨ। ਉਥੇ ਤਾਂ ਅਨਹਦ ਧੁਨੀਆਂ ਦੀ ਰੁਣ-ਝੁਣਕਾਰ ਰੁਮਕ ਉਠਦੀ ਹੈ, ਜਿਸ ਅਨਹਦ ਰੁਣ ਝੁਣਕਾਰ ਵਿਚ ਸਰਚ ਪਰਚ ਕੇ ਉਹ ਅਨੰਦ ਸਰੂਪ ਹੀ ਹੋਇ ਰਹਿੰਦਾ ਹੈ :—

ਐਸੋ ਪਰਚੋ ਪਾਇਓ ॥ ਕਰੀ ਕ੍ਰਿਪਾ ਦਇਆਲ ਬੀਠੁਲੈ ਸਤਿਗੁਰਿ ਮੁਝਹਿ
ਬਤਾਇਓ ॥ ੧ ॥ ਰਹਾਉ ॥ ਜਤ ਕਤ ਦੇਖਉ ਤਤੁ ਤਤੁ ਤੁਮ ਹੀ ਮੋਹਿ ਇਹੁ
ਬਿਸੁਆਸੁ ਹੋਇ ਆਇਓ ॥ .....ਖੰਡ ਬ੍ਰਹਮੰਡ ਕਾ ਏਕੋ ਠਾਣਾ ਗੁਰਿ ਪਰਦਾ ਖੋਲਿ
ਦਿਖਾਇਓ ॥ ਨਉ ਨਿਧਿ ਨਾਮੁ ਨਿਧਾਨੁ ਇਕ ਠਾਈ ਤਉ ਬਾਹਿਰ ਕੈਠੇ ਜਾਇਓ ॥੩॥

ਗਉੜੀ ਪੂਰਬੀ ਮ: ੫, ਪੰਨਾ ੨੦੫

ਕੀ, ਐਥੇ ਹੁਣ ਮੀਨ ਮੇਖ ਲਾਉਣ ਦੀ ਕੋਈ ਲੋੜ ਹੈ ? ਵਿਆਖਿਆ ਕਰਨ ਦੀ ਏਥੇ ਕੋਈ ਜਾਇ ਨਹੀਂ। ਬੱਸ, ਅਨਹਦ ਬਜਿਆ ਨਹੀਂ ਤੇ ਗੋਵਿੰਦ ਗੱਜਿਆ ਨਹੀਂ। ਬੱਸ, ਜਿਥੇ "ਗੋਬਿੰਦੁ ਗਾਜੈ ਅਨਹਦ ਬਾਜੈ" ਤਿਥੇ "ਅਚਰਜ ਸੋਭ ਬਣਾਈ"* ਤਿਥੇ "ਖੰਡ ਬ੍ਰਹਮੰਡ ਕਾ ਏਕੋ ਠਾਣਾ" ਦਸਮ ਦੁਆਰ ਖੁਲ੍ਹ ਗਿਆ। ਐਸਾ ਪਰਦਾ ਉਠਾਇਓ, ਸਤਿਗੁਰ ਨੇ ਐਸਾ ਪਰਚਾ ਲਾਇਓ ਕਿ ਹੁਣ "ਇਕ ਠਾਈਂ" ਹੀ ਜੰਮਿਆ ਰਹੁ। "ਬਾਹਰ ਕੈਠੇ ਜਾਈ" ਆਹਾ ! ਹੁਣ ਬਾਹਰ ਕੈਠੇ ਜਾਣਾ ਹੈ।

ਦਰਿ ਵਾਜਹਿ ਅਨਹਤ ਵਾਜੇ ਰਾਮ ॥ ਘਟਿ ਘਟਿ ਹਰਿ ਗੋਬਿੰਦੁ ਗਾਜੇ ਰਾਮ ॥
ਗੋਬਿੰਦ ਗਾਜੇ ਸਦਾ ਬਿਰਾਜੇ ਅਗਮ ਅਗੋਚਰੁ ਊਚਾ ॥ ਗੁਣ ਬੇਅੰਤ ਕਿਛੁ ਕਹਣੁ
ਨ ਜਾਈ ਕੋਇ ਨ ਸਕੈ ਪਹੂਚਾ ॥ ਆਪਿ ਉਪਾਏ ਆਪਿ ਪ੍ਰਤਿਪਾਲੇ ਜੀਅ ਜੰਤ ਸਭਿ
ਸਾਜੇ ॥ ਬਿਨਵੰਤਿ ਨਾਨਕ ਸੁਖੁ ਨਾਮਿ ਭਗਤੀ ਦਰਿ ਵਜਹਿ ਅਨਹਦ ਵਾਜੇ ॥੪॥੩॥

ਵਡਹੰਸ ਮਹਲਾ ੫, ਪੰਨਾ ੫੭੮

ਵਾਹ ! ਸੁਖੁ ਨਾਮਿ ਭਗਤੀ ! ਧੰਨ ! ਸੁਖੁ ਨਾਮਿ ਭਗਤੀ ! ਧੰਨ ! ਦਰ ਅਨਹਦ ਵਾਜੇ ਵਜਾਉਣਹਾਰੀ ਸੁਖੁ-ਨਾਮਿ-ਭਗਤੀ, 'ਵਾਹੁ' ਸੁਖੁ ਨਾਮ ਗੁਰਮਤਿ ਨਾਮ ਸੁਖ ਸਹਿਜ ਭਗਤੀ, ਜਿਸ ਪ੍ਰਤਾਪ ਕਰਿ ਘਟ ਅੰਤਰ ਹੀ ਅਨਹਦ ਵਾਜੇ ਵਜਣ ਲਗ ਪਏ। ਜਿਸ ਦੇ ਪ੍ਰਸਾਦਿ ਕਰਿ ਘਟ ਘਟ ਅੰਤਰ ਹੀ ਗੋਵਿੰਦ ਗਜ ਉਠਿਆ ਅਤੇ ਐਸੀ ਗੱਜਣੀ ਗਜਿਆ ਕਿ "ਗੋਵਿੰਦ ਗਾਜੇ ਸਦਾ ਬਿਰਾਜੇ ਅਗਮ ਅਗੋਚਰੁ ਊਚਾ"। ਅਗਮ ਅਗੋਚਰ ਊਚਾ, ਅਤ ਊਚੀ ਹੂੰ ਊਚਾ, ਗੰਮਤਾ ਤੋਂ ਅਗੰਮ, ਕਦੇ ਕਿਸੇ ਗੋਚਰਾ ਨ ਹੋਣ ਵਾਲਾ ਅਗੋਚਰ ਗੋਬਿੰਦ ਗੁਰਮੁਖਾਂ ਦੇ ਘਟਾਂ ਅੰਦਰ ਗੱਜ ਵੱਜ ਕੇ ਆ ਪ੍ਰਗਟਿਆ। ਚਮਤਕਾਰ ਮਾਤਰ ਹੀ ਪ੍ਰਗਟ ਨਹੀਂ ਹੋਇਆ, ਸਗੋਂ ਪ੍ਰਗਟ ਹੋਇਆ ਉਸੇ ਖੰਡ ਬ੍ਰਹਮੰਡ ਕੇ ਏਕੈ ਠਾਣੇ ਵਿਖੇ ਅਸਥਿਰ ਹੋ ਕੇ ਸਦਾ ਲਈ ਬਿਰਾਜ ਗਿਆ। ਕੈਸੀ ਅਧਿਭੁਤ ਨਦਰ ਨਿਹਾਲਤਾ ਹੈ। ਕੈਸੀ ਨਦਰ ਕਟਾਖਤਾ ਹੈ। ਕੈਸਾ ਪਰਦਾ ਖੋਲ੍ਹਿਆ ਸਤਿਗੁਰ ਨੇ ! 'ਵਾਹ ਧੰਨ' ਮੇਰੇ

*ਆਸਾ ਮ: ੫ ਛੰਤ, ਪੰਨਾ ੪੫੩



www.AKJ.Org

ਸਤਿਗੁਰ । ਐਸਾ ਗੁਣ-ਬੇਅੰਤਾ-ਗੋਵਿੰਦ, ਜਿਸ ਦੀ ਬਾਬਤ ਕਿਛ ਕਹਿਣਾ ਹੀ ਨਹੀਂ ਬਣਦਾ। ਜਿਸ ਗੋਬਿੰਦ ਤਾਈਂ "ਕੋਇ ਨ ਸਕੈ ਪਹੂਚਾ" ਮਈ ਕਿਸੇ ਦੀ ਗੰਮਤਾ ਨਹੀਂ। ਉਸ ਊਚੇ ਪਹੁੰਚ ਤੋਂ ਅਗਹੂਚੇ ਗੋਵਿੰਦ ਨੂੰ ਸਤਿਗੁਰ ਨੇ ਗੁਰਮੁਖ ਭਗਤ ਜਨ ਦੇ ਘਰ, ਮੰਦਰ, ਗੜ੍ਹ, ਦਸਮ ਦੁਆਰ ਵਿਖੇ ਹੀ ਪਰਗਟਾਇ ਦਿਤਾ ਹੈ। ਊਚੀ ਹੂੰ ਤੇ ਊਚੇ ਅਗਮ ਅਗਹੂਚੇ ਦਰਬਾਰ ਸਚਖੰਡ ਵਾਲਾ ਨਿਰੰਕਾਰ ਗੋਬਿੰਦ, ਸਚੇ ਸਚਖੰਡੀ ਤਖ਼ਤ ਤੇ ਬੈਠਾ ਬਿਰਾਜਮਾਨ ਹੋਇਆ ਹੋਇਆ ਸਰਬ ਜੀਅ ਜੰਤ ਨੂੰ ਆਪਿ ਉਪਾਇ ਕੇ ਸਾਜਨਾ ਵਿਚ ਸਜਾਇ ਕੇ ਆਪ ਹੀ ਸਰਬ ਦੀ ਪ੍ਰਤਿਪਾਲ ਕਰਦਾ ਹੈ। ਜੋ ਗੋਵਿੰਦ ਵਾਹਿਗੁਰੂ ਆਦਿ ਜੁਗਾਦਿ ਜੁਗੋ ਜੁਗ ਸਚਖੰਡ ਵਿਖੇ ਅਸਥਿਰਤਾ ਸਹਿਤ ਬਿਰਾਜਮਾਨ ਚਲਿਆ ਆਉਂਦਾ ਹੈ, ਤਿਸ ਦਾ ਆਦਿ ਜੁਗਾਦਿ ਜੁਗ ਜੁਗ ਕਿਸੇ ਨੇ ਭੀ ਅੰਤ ਨਹੀਂ ਜਾਣਿਆ। ਤਿਸ ਨੂੰ ਸਤਿਗੁਰੂ ਨੇ ਗੁਰਸਿਖਾਂ ਪ੍ਰਤੀ ਸਰਬ ਨਿਰੰਤਰ ਰਵਿ ਰਿਹਾ ਪਰਤੱਖ ਲਖਾ ਦਿਤਾ ਹੈ ਅਤੇ ਉਸ ਦਾ ਅਕਾਲ ਮੂਰਤੀ, ਅਰੂਪ-ਰੂਪੀ ਸਰੂਪ ਦਰਸਾ ਦਿਤਾ ਹੈ। ਜਦੋਂ ਭੀ ਦਸਮ ਦੁਆਰੇ ਅਨਹਦ ਸਬਦ ਵਜਦਾ ਹੈ ਤਾਂ ਗੋਬਿੰਦ ਦਸਮ ਦੁਆਰ ਤੋਂ ਅਗਮ ਅਪਾਰ ਸਚਖੰਡੀ ਦਰਬਾਰ ਤਾਈਂ ਨਿਰਾਲਾ ਗੱਜਦਾ (ਪਰਤੱਖ ਦਿਖਾਈ ਦਿੰਦਾ) ਹੈ। ਐਸਾ ਹੈ ਮੇਰਾ ਆਨੰਦ ਰੂਪੀ ਰਾਮਈਆ, ਯਥਾ ਗੁਰਵਾਕ :—

> ਆਦਿ ਜੁਗਾਦਿ ਜੁਗਾਦਿ ਜੁਗੋ ਜੁਗੁ ਤਾ ਕਾ ਅੰਤੁ ਨ ਜਾਨਿਆ ॥ ਸਰਬ ਨਿਰੰਤਰਿ
> ਰਾਮੁ ਰਹਿਆ ਰਵਿ ਐਸਾ ਰੂਪੁ ਬਖਾਨਿਆ ॥੧॥ ਗੋਬਿੰਦੁ ਗਾਜੈ ਸਬਦੁ ਬਾਜੈ ॥
> ਆਨਦ ਰੂਪੀ ਮੇਰੋ ਰਾਮਈਆ ॥੧॥ਰਹਾਉ॥ —ਪ੍ਰਭਾਤੀ ਕਬੀਰ ਜੀਉ ਪੰਨਾ ੧੩੫੧

ਧੁਰੋਂ ਨਿਵਾਜੇ ਗੁਰਸਿਖ ਮੀਤ ਜਨਾਂ ਨੇ ਐਸੇ ਹਰਿ ਜੀਉ ਪਾਏ ਹੈਂ ਕਿ ਜੋ ਛੋਡ ਨ ਜਾਈ ਸਦ ਹੀ ਸੰਗੇ ਅਨਦਿਨ ਸੰਗਿ ਰਹਾਏ ਹੈਂ। ਅਨਦਿਨ ਅੰਗ ਸੰਗ ਪੇਖਿ ਪੇਖਿ, ਗੁਰਮੁਖ ਗੁਰਸਿਖ ਮੀਤ ਜਨਾਂ ਨੇ ਹਰਿ ਜੀਉ ਸਾਲਾਹੇ ਅਤੇ ਅਨਦਿਨ ਗੁਰਿ ਮਿਲ ਗਾਏ ਹੈਂ। ਐਸੇ ਸਰਬ ਸੁਖੈਨਾ ਮਨੋਹਰ ਪ੍ਰੀਤਮ ਮਿਲੇ ਹੈਂ ਕਿ ਮਿਲ ਕੇ ਛੋਡਿ ਨ ਕਤਹੂ ਜਾਏ ਹੈਂ। ਅਨਿਕ ਅਨਿਕ ਭਾਂਤ ਪੇਖੇ, ਪਰ ਪ੍ਰਿਆ ਰੋਮ ਨ ਸਮਸਰ ਲਾਏ ਹੈਂ। ਸਚਖੰਡੋਂ ਭਾਗਾਂ ਭਰੇ ਮੰਦਰਿ ਸੋਭ ਦੁਆਰੇ (ਦਸਮ ਦੁਆਰੇ) ਅੰਦਰ ਆਇ ਕੇ ਪ੍ਰਗਟਾਇ ਕੇ ਅਨਹਦ ਰੁਣਝੁਣ ਲਾਏ ਹੈਂ। ਸਤਿਗੁਰੂ ਦੀ ਕਿਰਪਾ ਦੁਆਰਾ ਘਰ ਬੈਠੇ ਭੀ ਸਚਖੰਡੀ ਨਿਰੰਕਾਰ ਵਾਹਿਗੁਰੂ ਸੇਤੀ ਰੰਗ-ਰਲੀਆਂ ਮੌਜ ਮਾਣਾਏ ਹੈਂ। ਗੁਰੂ ਦੇ ਗੁਰਮੁਖ ਸੰਤ ਭਗਤ ਜਨਾਂ ਗੁਰਸਿਖਾਂ ਨੇ ਗੁਰਮਤਿ ਨਾਮ ਦੀਆਂ ਕਮਾਈਆਂ ਕੀਤੀਆਂ, ਤਿਨ੍ਹਾਂ ਗੁਰਮੁਖਾਂ ਨਾਮ-ਵਿਗਾਸੀਆਂ ਦਰਸ-ਪ੍ਰਗਾਸੀਆਂ ਦੇ ਗ੍ਰਿਹ ਪ੍ਰਿਆ ਬੀਤੇ ਸਦ-ਥਾਏ ਹੈਂ, ਜਿਥੇ ਸਚਖੰਡ ਜਲਵੇ ਜਲਵਾਏ ਹੈਂ :—

> ਮੀਤਾ ਐਸੇ ਹਰਿ ਜੀਉ ਪਾਏ ॥ ਛੋਡਿ ਨ ਜਾਈ ਸਦ ਹੀ ਸੰਗੇ ਅਨਦਿਨੁ ਗੁਰ ਮਿਲਿ
> ਗਾਏ ॥੧॥ਰਹਾਉ॥ ਮਿਲਿਓ ਮਨੋਹਰੁ ਸ੍ਰਬ ਸੁਖੈਨਾ ਤਿਆਗਿ ਨ ਕਤਹੂ ਜਾਏ ॥
> ਅਨਿਕ ਅਨਿਕ ਭਾਤ ਬਹੁ ਪੇਖੇ ਪ੍ਰਿਅ ਰੋਮ ਨ ਸਮਸਰ ਲਾਏ ॥੧॥ ਮੰਦਰਿ ਭਾਗੁ
> ਸੋਭ ਦੁਆਰੈ ਅਨਹਦ ਰੁਣੁ ਝੁਣੁ ਲਾਏ ॥ ਕਹੁ ਨਾਨਕ ਸਦਾ ਰੰਗੁ ਮਾਣੇ ਗ੍ਰਿਹ ਪ੍ਰਿਅ
> ਥੀਤੇ ਸਦ ਥਾਏ ॥੨॥੧॥੨੭॥ —ਦੇਵ ਗੰਧਾਰੀ ਮ: ੫, ਪੰਨਾ ੫੩੩

ਗੁਰਮੁਖਾਂ ਦੇ ਮਨ ਵਿਖੇ ਹੀ ਅਗਮ ਰੂਪ ਨਿਰੰਕਾਰ, ਸਚਖੰਡ ਦੁਆਰੜੀਏ ਨਿਰੰਕਾਰ ਦਾ ਠਾਣਾ (ਥਾਨਾ) ਪੈ ਜਾਂਦਾ ਹੈ, ਪਰ ਗੁਰਪ੍ਰਸਾਦਿ ਕਰਿ ਕਿਸੇ ਵਿਰਲੇ ਨੇ ਇਸ "ਖੰਡ ਬ੍ਰਹਮੰਡ ਕਾ ਏਕੋ ਠਾਣਾ"* ਮਈ ਤੱਤ ਰਾਜ਼ ਨੂੰ ਜਾਣਿਆ ਹੈ। ਤਿਨ੍ਹਾਂ ਦੇ ਘਟ ਅੰਤਰ ਹੀ ਸਹਜ ਪਦ ਵਾਲੇ ਅੰਮ੍ਰਿਤ-ਕੁੰਡ ਉਗਵ ਪਏ ਹਨ। ਇਹ ਅੰਮ੍ਰਿਤ-ਕੁੰਡ ਜਿਸ ਨੂੰ ਪ੍ਰਾਪਤ ਹੋਏ ਹਨ, ਤਿਸ ਨੇ ਹੀ ਅੰਮ੍ਰਿਤ ਗਟਾਕ ਇਸ ਵਿਚੋਂ ਭਰ ਕੇ ਭੁੰਚੇ ਹਨ। ਅਨਹਦ ਬਾਣੀ ਵਾਲਾ ਥਾਨ ਨਿਰਾਲਾ ਤਿਨ੍ਹਾਂ ਨੂੰ ਹੀ ਸਾਖ਼ਸ਼ਾਤਕਾਰ ਹੋਇਆ ਹੈ। ਦਸਮ ਦੁਆਰ ਤੇ ਸਚਖੰਡ

*ਗਉੜੀ ਮਹਲਾ ੫, ਪੰਨਾ ੨੦੫


www.AKJ.Org

ਦੀ ਵਿਥ ਮਿਲ ਕੇ ਇਕ ਹੋ ਗਈ ਹੈ। ਸਚਖੰਡੀ ਗੋਪਾਲ ਧੁਨ ਮੋਹਨੀ ਅਨਹਦ ਵਾਜੇ ਤਿਨ੍ਹਾਂ ਨੂੰ ਦਸਮ ਦੁਆਰ ਵਿਖੇ ਸੁਣਾਈ ਦੇਣ ਲਗ ਪਏ ਹਨ। ਤਿਥੇ ਸਚਖੰਡ ਵਿਖੇ ਐਥੇ ਬੈਠਿਆਂ ਹੀ ਦਸਮ ਦੁਆਰ ਖੁਲ੍ਹੇ ਤੋਂ ਪਾਰ-ਬ੍ਰਹਮ ਦੇ ਸੰਗੀ ਸੰਤਾਂ ਭਗਤਾਂ ਦੇ ਅਨੇਕ ਅਨੰਤ ਅਖੰਡ ਕੀਰਤਨੀ ਸਹਜ ਧੁਨ ਅਨਹਦ ਆਖਾੜੇ ਲਗ ਰਹੇ ਦਿਖਾਈ ਦਿੰਦੇ ਹਨ। ਜਿਥੇ ਅਨੰਤ ਅਨੰਦ ਹੀ ਅਨੰਦ ਹੈ ਅਤੇ ਅਖੰਡ ਆਨੰਦ ਤੋਂ ਬਿਨਾਂ ਹੋਰ ਕਿਸੇ ਸ਼ੋਕ ਦੀ ਰਾਈ ਮਾਤਰ ਗੁੰਜਾਇਸ਼ ਨਹੀਂ। ਸੋ ਐਸਾ ਘਰ ਅਸਥਾਨ, ਸਚਖੰਡ ਵਿਖੇ ਗੁਰ ਨਾਨਕ ਅਤੇ ਗੁਰੂ ਨਾਨਕ ਦੇ ਘਰ ਦੇ ਗੋਲੇ ਅਨਿਕ ਗੁਰਸਿਖਾਂ ਦੇ ਵਿਰਸੇ ਵਿਚ ਹੀ ਆਇਆ ਹੈ। ਯਥਾ ਗੁਰਵਾਕ :—

ਅਗਮ ਰੂਪ ਕਾ ਮਨ ਮਹਿ ਥਾਨਾ ॥ ਗੁਰ ਪ੍ਰਸਾਦਿ ਕਿਨੈ ਵਿਰਲੈ ਜਾਨਾ ॥੧॥
ਸਹਜ ਕਥਾ ਕੇ ਅੰਮ੍ਰਿਤ ਕੁੰਟਾ ॥ ਜਿਸਹਿ ਪਰਾਪਤਿ ਤਿਸੁ ਲੈ ਭੁੰਚਾ ॥੧॥ਰਹਾਉ॥
ਅਨਹਤ ਬਾਣੀ ਥਾਨੁ ਨਿਰਾਲਾ॥ ਤਾ ਕੀ ਧੁਨਿ ਮੋਹੇ ਗੋਪਾਲਾ॥੨॥ ਤਹ ਸਹਜ ਅਖਾਰੇ
ਅਨੇਕ ਅਨੰਤਾ ॥ ਪਾਰਬ੍ਰਹਮ ਕੇ ਸੰਗੀ ਸੰਤਾ ॥੩॥ ਹਰਖ ਅਨੰਤ ਸੋਗ ਨਹੀ ਬੀਆ॥
ਸੋ ਘਰੁ ਗੁਰਿ ਨਾਨਕ ਕਉ ਦੀਆ। ੪॥੩੫॥੧੦੪॥ —ਗਉੜੀ ਮ: ੫, ਪੰਨਾ ੧੮੬

ਮੇਰੀ ਚੋਜੀ ਵਾਹਿਗੁਰੂ ਭਗਤ ਵਛਲ ਨੇ ਇਹ ਬਿਰਦ ਆਪ ਬਣਾਇਆ ਹੈ ਕਿ ਜਿਥੇ ਜਿਥੇ ਭੀ ਜਿਸ ਕਿਸੇ ਗੁਰ-ਹੁਕਮੀ ਬੰਦੇ ਸੰਤ ਭਗਤ ਨੇ ਗੁਰਮਤਿ ਨਾਮ ਅਭਿਆਸ ਕਮਾਈਆਂ ਕਰਿ ਵਾਹਿਗੁਰੂ ਦੀ ਅਰਾਧਨਾ ਕੀਤੀ ਹੈ, ਤਿਥੇ ਤਿਥੇ ਹੀ ਤਿਸ ਗੁਰਮੁਖ ਸੰਤ ਭਗਤ ਦੇ ਘਟ ਵਿਖੇ ਵਾਹਿਗੁਰੂ ਨੇ ਆਪਣੇ ਸਚਖੰਡੀ ਸਰੂਪ ਦਾ ਜਲਵਾ ਦਿਖਾਇ ਪ੍ਰਗਟਾਇ ਦਿਤਾ ਹੈ ਅਤੇ ਜਲਵਾ ਦਿਖਾਇ ਕੇ ਆਪਣੇ ਦਰਸ-ਜਲਵੀ-ਭਗਤ ਜਨਾਂ ਨੂੰ ਆਪਣੇ ਹੀ ਸਰੂਪ ਵਿਖੇ ਸਮਾਇ ਲਿਆ ਹੈ। ਇਸ ਬਿਧਿ ਸਹਿਜ ਸੁਭਾਇ ਹੀ ਆਪਣੇ ਭਗਤ ਜਨਾਂ ਦਾ ਦਰਸ-ਆਦਰਸ਼ੀ-ਪਰਮ ਮਨੋਰਥ ਪੂਰਾ ਕਰ ਦਿਤਾ ਹੈ। ਆਪਣੇ ਸਰੂਪ ਵਿਖੇ ਸਮਾਇ ਕੇ ਅਤੇ ਆਪਣੇ ਨਿਕਟ ਨਿਕਟਾਇ ਕੇ ਭੀ ਪਾਰਬ੍ਰਹਮ ਪਰਮੇਸ਼ਰ ਵਾਹਿਗੁਰੂ ਨੇ ਆਪਣੇ ਸੰਗੀ ਸੰਤਾਂ ਭਗਤਾਂ ਨੂੰ ਐਸਾ ਵਡੀ ਹੂੰ ਵਡਾ ਅਪਾਰ ਸਿਫਤਿ ਸਾਲਾਹ ਵਿਲੱਖਣ ਮਰਤਬਾ ਬਖਸ਼ਿਆ ਹੈ ਕਿ ਉਹ ਵਾਹਿਗੁਰੂ ਦੇ ਸਰੂਪ ਵਿਖੇ ਸਮਾ ਕੇ ਭੀ "ਆਨੰਦ ਹਰਿ ਜਸ ਮਹਾਂ ਮੰਗਲ" * ਗਾਵਨ ਦਾ ਕੀਰਤਨ ਕੌਤੂਹਲ ਅਖੰਡ ਆਨੰਦ ਮਾਣਦੇ ਰਹਿੰਦੇ ਹਨ। ਵਿਛੋੜੇ ਦੇ ਸਰਬ ਦੂਖ ਵਿਸੂਰੇ ਉਹਨਾਂ ਦੇ ਮਿਟ ਜਾਂਦੇ ਹਨ, ਕਿਉਂਕਿ ਇਸ ਪਦ ਅਮਰਾਇ ਕੇ ਬਹੁੜ ਫੇਰ ਵਿਛੋੜਾ ਹੋਣਾ ਹੀ ਨਹੀਂ ਪਾਉਂਦਾ। ਸਚਖੰਡ ਨਿਵਾਸੀ ਨਿਰੰਕਾਰ-ਦਰਸ਼ਨ-ਸਹਜਾਸੀ ਭਗਤ ਜਨਾਂ ਨੂੰ ਏਕੋ ਹੀ ਪ੍ਰਿਆ ਪ੍ਰੀਤਮ ਵਾਹਿਗੁਰੂ ਨਿਰੰਕਾਰ ਦਾ ਦਰਸ-ਝਲਕਾਰੀ ਚਮਤਕਾਰ ਪ੍ਰਗਾਸ ਹੀ ਪ੍ਰਗਾਸ ਜਲਵੇ ਮਾਰਦਾ ਦਹਿ-ਦਿਸ ਦਿਖਾਈ ਦਿੰਦਾ ਹੈ। ਭਗਤ-ਵਛਲ ਵਾਹਿਗੁਰੂ ਆਪਣੇ ਅਨਿੰਨ ਭਗਤ ਜਨਾਂ ਨੂੰ ਹੀ ਅਜਿਹੇ ਜਲਵੇ ਪਰਤੱਖ ਦਿਖਾਉਂਦਾ ਹੈ। ਇਹ ਉਸ ਦਾ ਬਿਰਦ ਹੈ ਅਤੇ ਗੁਰੂ ਨਾਨਕ ਸਾਹਿਬ ਵਾਹਿਗੁਰੂ ਦੇ ਚਰਨ ਚੁੰਮ ਚੁੰਮ ਕੇ ਇਹੋ ਮੰਗਾਂ ਮੰਗਦੇ ਹਨ ਕਿ ਅਗੇ ਲਈ ਭੀ ਸਦੀਵ ਜੁਗੋ ਜੁਗ ਆਪਣੇ ਬਿਰਦ ਦੀ ਲਾਜ ਏਸ ਪਰਕਾਰ ਹੀ ਰਖਦੇ ਰਹਿਣਾ। ਯਥਾ ਗੁਰਵਾਕ:—

ਭਗਤਿ ਵਛਲੁ ਹਰਿ ਬਿਰਦੁ ਆਪਿ ਬਨਾਇਆ ॥ ਜਹ ਜਹ ਸੰਤ ਅਰਾਧਹਿ ਤਹ ਤਹ
ਪ੍ਰਗਟਾਇਆ ॥ ਪ੍ਰਭਿ ਆਪਿ ਲੀਏ ਸਮਾਇ ਸਹਜਿ ਸੁਭਾਇ ਭਗਤ ਕਾਰਜ ਸਾਰਿਆ ॥
ਆਨੰਦ ਹਰਿ ਜਸ ਮਹਾ ਮੰਗਲ ਸਰਬ ਦੂਖ ਵਿਸਾਰਿਆ ॥ ਚਮਤਕਾਰ ਪ੍ਰਗਾਸੁ
ਦਹਦਿਸ ਏਕੁ ਤਹ ਦ੍ਰਿਸਟਾਇਆ ॥ ਨਾਨਕ ਪਇਅੰਪੈ ਚਰਣ ਜੰਪੈ ਭਗਤਿ ਵਛਲ
ਹਰਿ ਬਿਰਦੁ ਆਪਿ ਬਨਾਇਆ ।੪॥੩॥੬॥ —ਆਸਾ ਮਹਲਾ ੫, ਪੰਨਾ ੪੫੬-੫੭

ਸਚਖੰਡ ਵਿਖੇ ਨਿਰੰਕਾਰ ਵਾਹਿਗੁਰੂ ਦਾ ਸਨਮੁਖ ਦੀਦਾਰ ਕਰਦੇ ਹੋਏ, ਸਚਖੰਡ ਵਾਸੀ ਗੁਰਮੁਖ ਸੰਤ

---
*ਆਸਾ ਮਹਲਾ ੫, ਪੰਨਾ ੪੫੭



www.AKJ.Org

ਭਗਤ ਜਨ ਪ੍ਰਸਪਰ ਮਿਲ ਕੇ ਪ੍ਰਭੂ ਪਰਮਾਤਮਾ ਵਾਹਿਗੁਰੂ ਪ੍ਰੀਤਮ ਦਾ ਜੈਕਾਰ ਗਾਵੰਦੇ, ਕੀਰਤਨ ਉਚਰਾਵੰਦੇ ਰਹਿੰਦੇ ਹਨ ਅਤੇ ਤਿਥੇ (ਸਚਖੰਡ ਵਿਖੇ) ਅਨੰਦ ਬਿਨੋਦ ਸਦਾ ਅਨਹਦ ਝੁਨਕਾਰਿਆਂ ਦੀ ਰੁਣ-ਝੁਣਕਾਰ ਰਹਿੰਦੀ ਹੈ। ਯਥਾ :—

ਤਹ ਅਨਦ ਬਿਨੋਦ ਸਦਾ ਅਨਹਦ ਝੁਣਕਾਰੋ ਰਾਮ ॥
ਮਿਲਿ ਗਾਵਹਿ ਸੰਤ ਜਨਾ ਪ੍ਰਭ ਕਾ ਜੈਕਾਰੋ ਰਾਮ ॥੩॥

—ਬਿਹਾਗੜਾ ਮ: ੫, ਪੰਨਾ ੫੪੫

ਸਚਖੰਡੀ ਸੂਖ ਮਹਲ ਊਚ ਦੁਆਰੇ ਵਿਖੇ ਭਗਤ ਵਸਦੇ ਹਨ ਅਤੇ ਅਨਦਿਨ ਕੰਤੂਹਲ ਕਰਦੇ ਹਨ, ਜਿਸ ਸਹਜ ਪਦ ਦੀ ਅਕਥਨੀਯ ਦਰਸ-ਝਾਕੀ ਅਤਿ ਮੀਠੀ ਹੈ, ਤਿਥੇ ਸਚਖੰਡ ਵਿਖੇ ਹਰਿ ਰੰਗੀ ਸੰਤ ਜਨਾਂ ਦੇ ਅਖੰਡ ਕੀਰਤਨ ਸੰਗੀਤ ਦੇ ਅਨਹਦ ਨਾਦੀ ਅਖਾੜੇ ਲਗੇ ਰਹਿੰਦੇ ਹਨ। ਤਿਥੇ ਸੰਸਾਰਕ ਜੰਮਣ ਮਰਣ ਅਤੇ ਹਰਖ ਸੋਗ ਨਹੀਂ ਵਿਆਪਦੇ। ਸਦ ਜੀਵਨੀ ਜੀਵਨ ਹੀ ਬਣੇ ਰਹਿੰਦੇ ਹਨ ਤੇ ਸਾਚ ਨਾਮ ਕੀ ਅੰਮ੍ਰਿਤ ਬਰਖਾ ਤਿਥੇ ਸਦੀਵ-ਕਾਲ ਹੀ ਹੁੰਦੀ ਰਹਿੰਦੀ ਹੈ। ਕੇਵਲ ਸਤਿਗੁਰੂ ਦੁਆਰਾ ਹੀ ਇਹ ਗੁਹਜ ਕਥਾ ਨਿਰੰਕਾਰ ਦੇ ਸਚਖੰਡ ਦਰਬਾਰ ਦੀ ਜਾਣੀ ਜਾਂਦੀ ਹੈ। ਗੁਰੂ ਨਾਨਕ ਸਾਹਿਬ ਦੀ ਇਹ ਧੁਰ ਕੀ ਬਾਣੀ ਦੀ ਸਾਖਾ ਸਦਾ ਅਟੱਲ ਹੈ। ਯਥਾ ਗੁਰਵਾਕ :—

ਸੂਖ ਮਹਲ ਜਾ ਕੇ ਊਚ ਦੁਆਰੇ ॥ ਤਾ ਮਹਿ ਵਾਸਹਿ ਭਗਤ ਪਿਆਰੇ ॥੧॥ ਸਹਜ ਕਥਾ ਪ੍ਰਭ ਕੀ ਅਤਿ ਮੀਠੀ ॥ ਵਿਰਲੈ ਕਾਹੂ ਨੇਤ੍ਰਹੁ ਡੀਠੀ ॥੧॥ਰਹਾਉ॥ ਤਹ ਗੀਤ ਨਾਦ ਅਖਾਰੇ ਸੰਗਾ ॥ ਊਹਾ ਸੰਤ ਕਰਹਿ ਹਰਿ ਰੰਗਾ ॥੨॥ ਤਹ ਮਰਣੁ ਨ ਜੀਵਣੁ ਸੋਗੁ ਨ ਹਰਖਾ ॥ ਸਾਚ ਨਾਮ ਕੀ ਅੰਮ੍ਰਿਤ ਬਰਖਾ ॥੩॥ ਗੁਹਜ ਕਥਾ ਇਹ ਗੁਰ ਤੇ ਜਾਣੀ ॥ ਨਾਨਕ ਬੋਲੈ ਹਰਿ ਹਰਿ ਬਾਣੀ ॥੪॥੬॥੧੨॥ —ਸੂਹੀ ਮ: ੫, ਪੰਨਾ ੭੩੯

ਬਿਨਾਂ ਬਜਾਏ ਤੋਂ ਇਕ-ਰਸ ਵੱਜੀ ਗੱਜੀ ਜਾਣ ਵਾਲੇ ਅਨਹਦ ਸ਼ਬਦ, ਦਸਮ ਦੁਆਰ ਖੁਲ੍ਹਣ ਤੋਂ ਬਜਦੇ ਸੁਣਿ ਸੁਣਿ ਸੁਣਿ, ਬਿਸਮਾਦ-ਜਨਕ ਹੈਰਾਨਗੀ ਇਹ ਦੇਖ ਕੇ ਉਪਜਦੀ ਹੈ ਕਿ ਦਸਮ ਦੁਆਰੇ ਪ੍ਰਗਟ-ੜੰਦੜਾ ਵਾਹਿਗੁਰੂ ਪ੍ਰੀਤਮ ਪਿਆਰਾ ਸਚਖੰਡੀ ਉਚੜੀਆਂ ਮਹਲ ਮਾੜੀਆਂ ਵਿਖੇ ਭੀ ਤਿਹ ਲੋਆਂ ਸਿਰਤਾਜ ਬਣ ਕੇ ਸਭਹੂੰ ਮਧ ਅਤੇ ਸਭ ਤੇ ਨਿਆਰਾ ਭੀ ਭਿੰਨ ਅਭਿੰਨ ਹੋ ਕੇ ਨਿਖਰਵਾਂ ਨਜ਼ਰ ਆਉਂਦਾ ਹੈ। ਇਹ ਸਭਹੂੰ ਦੇ ਮਧ ਤੇ ਸਭਹੂੰ ਤੇ ਨਿਆਰੇ ਬਿਸਮ ਗੁਣਾਂ ਵਾਲੇ ਪਿਰ ਪ੍ਰੀਤਮ ਨੂੰ ਨਿਰਾਲਾ ਸਚਖੰਡ ਵਿਖੇ ਪੇਖ ਕੇ ਅਤੇ ਸਰਬ ਮਧਿਆਨਾ ਜ਼ਾਹਰ ਜ਼ਹੂਰੀ ਹਜ਼ੂਰੀ ਵਿਚ ਪੇਖ ਕੇ ਚਕ੍ਰਿਤ ਰਹਿ ਜਾਈਦਾ ਹੈ—

ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ ॥ ਹਉ ਬਿਸਮ ਭਈ ਦੇਖਿ ਗੁਣਾ ਅਨਹਦ ਸਬਦ ਅਗਾਜਾ ਰਾਮ ॥੪॥੧॥੩॥ —ਸੂਹੀ ਮ: ੧ ਘਰ ੩, ਪੰਨਾ ੭੬੫

ਇਸ ਜਗਿ-ਜੀਵਨ ਯਾਤਰਾ ਵਿਖੇ ਭੀ ਗੁਰਮੁਖ ਜਨਾਂ ਨੂੰ ਦਸਮ ਦੁਆਰੜੇ ਕਿਵਾੜ ਖੋਲ੍ਹ ਕੇ ਪਿਆਰਾ ਆਪਣੇ ਮਹਲ ਸਚਖੰਡ ਵਿਖੇ ਬੁਲਾ ਲੈਂਦਾ ਹੈ ਅਤੇ ਸਰੀਰ ਤਿਆਗ ਕੇ ਪਰਲੋਕ ਗਮਨ ਸਮੇਂ ਤਾਂ ਬੁਲਾਉਣਾ ਹੀ ਸੀ। ਸਚਖੰਡ ਆਪਣੇ ਮਹਲਾਂ ਵਿਖੇ ਬੁਲਾ ਕੇ ਆਪਣਾ ਜਾਂਗੋ ਪਾਂਗ ਦਰਸ਼ਨ ਦਿਖਲਾਇ ਦਿੰਦਾ ਹੈ। ਮੇਰਾ ਮੇਹਰ ਨਦਰਾਂ ਵਾਲਾ ਪਿਆਰਾ ਅਤੇ ਸਾਰੇ ਆਤਮ ਪ੍ਰਮਾਤਮ ਦੀ ਵਿਥ ਵਾਲੇ ਦਰਸ ਛਾਦਨੀ ਪਰਦਿਆਂ ਦੇ ਛਉੜ ਕੱਟ ਕੇ ਆਪਣੀ ਦਰਸ-ਮਿਲਾਪਤਾ ਵਿਚ ਇਕ-ਮਿਕ ਕਰ ਦੇਂਦਾ ਹੈ। ਯਥਾ :—

ਖੋਲਿ ਕਿਵਾਰਾ ਮਹਲਿ ਬੁਲਾਇਆ ॥ ਜੈਸਾ ਸਾ ਤੈਸਾ ਦਿਖਲਾਇਆ ॥
ਕਹੁ ਨਾਨਕ ਸਭੁ ਪਰਦਾ ਤੂਟਾ ॥ ਹਉ ਤੇਰਾ ਤੂੰ ਮੈ ਮਨਿ ਵੂਠਾ ॥੪॥੩॥੧੪॥

—ਰਾਮਕਲੀ ਮਹਲਾ ੫; ਪੰਨਾ ੮੮੭



www.AKJ.Org

# 'ਭਰਮੁ' ਅਤੇ 'ਕਰਮੁ'

[ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਛਛੈ ਛਾਇਆ ਵਰਤੀ ਸਭ ਅੰਤਰਿ ਤੇਰਾ ਕੀਆ ਭਰਮੁ ਹੋਆ ॥
ਭਰਮੁ ਉਪਾਇ ਭੁਲਾਈਅਨੁ ਆਪੇ, ਤੇਰਾ ਕਰਮੁ ਹੋਆ ਤਿਨ ਗੁਰੂ ਮਿਲਿਆ ॥੧੦॥
[ਆਸਾ ਮ: ੧ ਪਟੀ, ਪੰਨਾ ੪੩੩

ਜਗਤ-ਰਚਨਾ ਪੂਰਨ-ਪੁਰਖ ਦੀ ਵਚਿਤਰ ਖੇਡ ਹੈ। ਇਸ ਵਿਚ ਕੋਈ ਚੀਜ਼ ਬੇਲੋੜੀ ਜਾਂ ਕੋਝੀ ਨਹੀਂ;

ਇਸ ਤੇ ਹੋਇ ਸੁ ਨਾਹੀ ਬੁਰਾ ॥
ਓਰੈ ਕਹਹੁ ਕਿਨੈ ਕਛੁ ਕਰਾ ॥੭॥੨੩॥ [ਸੁਖਮਨੀ, ਪੰਨਾ ੨੯੪

ਇਸ ਵਚਿਤਰ ਖੇਡ ਵਿਚ ਕਈ ਅੜਾਉਣੀਆਂ ਹਨ, ਜੋ ਅਸਲ ਵਿਚ ਸਾਡੀ ਸ਼ੋਭਾ ਅਤੇ ਸ਼ਕਤੀ ਵਿਚ ਵਾਧਾ ਕਰਨ ਲਈ ਅਤੇ ਸਾਡੀ ਸਮੁੱਚੀ ਸ਼ਖਸੀਅਤ ਨੂੰ ਵਿਕਸਤ ਕਰਨ ਲਈ ਰਚੀਆਂ ਹੋਈਆਂ ਹਨ। ਆਗਿਆ-ਨਤਾ ਕਾਰਨ ਅਸੀਂ ਉਹਨਾਂ ਵਿਚ ਉਲਝ ਜਾਂਦੇ ਹਾਂ। ਅਤੇ ਆਪਣੀ ਅਗਿਆਨਤਾ ਤੇ ਪਛਤਾਵਾ ਕਰਨ ਦੀ ਬਜਾਏ ਕਰਤੇ ਪੁਰਖ ਨੂੰ ਕੋਸਦੇ ਹਾਂ। ਇਹਨਾਂ ਅੜਾਉਣੀਆਂ ਵਿਚੋਂ ਕਢਣ ਦੇ ਸਾਧਨ ਵੀ ਕਰਤਾ ਪੁਰਖ ਨੇ ਬਣਾ ਰਖੇ ਹਨ।

ਵਾਹਿਗੁਰੂ ਦੀ ਅਦਭੁਤ ਰਚਨਾ ਵਿਚ 'ਭਰਮੁ' ਅਤੇ 'ਕਰਮੁ' ਦੋ ਵਚਿਤਰ ਕ੍ਰਿਸ਼ਮੇ ਹਨ। ਹਰੇਕ ਮਨੁੱਖ ਦੋਹਾਂ ਦਾ ਪ੍ਰਭਾਵ ਸਮੇਂ ਸਮੇਂ ਕਬੂਲਦਾ ਹੈ। ਇਹਨਾਂ ਵਿਚੋਂ ਇਕ ਅੜਾਉਣੀ ਹੈ ਅਤੇ ਦੂਜਾ ਇਸ ਵਿਚੋਂ ਨਿਕਲਣ ਦਾ ਸਾਧਨ।

'ਭਰਮੁ' ਦਾ ਅਰਥ ਹੈ ਸੰਸਾ, ਤੌਖਲਾ ਜਾਂ ਭ੍ਰਾਂਤੀ, ਜੋ ਅਗਿਆਨਤਾ ਤੇ ਮਲੀਨਤਾ ਦਾ ਪ੍ਰਤੀਕ ਹੈ। ਭਰਮ ਵਿਚ ਭੁਲੇਖਾ ਹੈ ਤੇ ਭੁਲੇਖੇ ਦਾ ਸਿੱਟਾ ਭਟਕਣਾ ਅਤੇ ਖੁਆਰੀ ਹੈ।

'ਕਰਮੁ' ਦਾ ਅਰਥ ਬਖਸ਼ਸ਼ ਹੈ। ਵਾਹਿਗੁਰੂ ਦੀਆ ਬਖਸ਼ਸ਼ਾਂ ਦਾ ਅੰਤ ਨਹੀਂ, ਪਰ ਮਨੁੱਖ ਲਈ ਸਭ ਤੋਂ ਸਿਰਮੌਰ ਬਖਸ਼ਸ਼ 'ਗੁਰੂ' ਦਾ ਮਿਲਾਪ ਹੈ। ਗੁਰੂ ਮਨੁੱਖ ਦੇ ਅੰਦਰ ਗਿਆਨ-ਪ੍ਰਕਾਸ਼ ਕਰਦਾ ਹੈ, ਜਿਸਦੇ ਫਲ-ਸਰੂਪ ਮਨੁੱਖ ਦਾ ਭੁਲੇਖਾ ਦੂਰ ਹੋ ਜਾਂਦਾ ਹੈ, ਉਹ 'ਸੱਚ' ਅਤੇ 'ਕੱਚ' ਦਾ ਨਿਰਣਾ ਕਰ ਸਕਦਾ ਹੈ ਅਤੇ ਕੱਚ ਦਾ ਤਿਆਗ ਕਰ ਕੇ ਸੱਚ ਨੂੰ ਵਿਹਾਝਦਾ ਹੈ ਤੇ ਸੱਚ ਵਿਚ ਲੀਨ ਹੋ ਕੇ ਆਪਣੀ ਜੀਵਨ-ਯਾਤਰਾ ਸਫਲ ਕਰ ਲੈਂਦਾ ਹੈ।

ਜਗਤ ਦੀ ਖੇਡ ਚਲਾਣ ਲਈ ਵਾਹਿਗੁਰੂ ਨੇ ਆਪਣੇ ਆਪ ਤੋਂ ਮਾਇਆ ਦੀ ਰਚਨਾ ਕੀਤੀ ਹੋਈ ਹੈ :—

ਮਹਾ ਮਾਇਆ ਹੈ ਤਾਂ ਕੀ ਛਾਇਆ ॥੪॥੧੯॥੨੧॥ —ਗੌਂਡ ਮ: ੫, ਪੰਨਾ ੮੬੮
ਮਾਇਆ ਤ ਮੋਹਣੀ ਤਿਨੈ ਕੀਤੀ ਜਿਨਿ ਠਗਉਲੀ ਪਾਈਆ ॥
ਕੁਰਬਾਣੁ ਕੀਤਾ ਤਿਸੈ ਵਿਟਹੁ ਜਿਨਿ ਮੋਹੁ ਮੀਠਾ ਲਾਇਆ ॥੧੦॥
[ਅਨੰਦੁ, ਪੰਨਾ ੯੧੮

ਜਗਤ-ਰਚਨਾ ਵਿਚ ਦੀ ਖੇਡ ਵਿਚ ਮਾਇਆ ਮੁਖ ਨਾਇਕ ਹੈ। ਮਾਇਆ ਦ੍ਰਿਸ਼ਟਮਾਨ ਹੈ, ਪ੍ਰਭੂ ਅਦ੍ਰਿਸ਼ਟ ਹੈ। ਮਾਇਆ ਦਾ ਦਬਦਬਾ, ਮਾਇਆ ਦਾ ਚਸਕਾ, ਮਾਇਆ ਦੀ ਚਟਕ ਮਟਕ, ਗੱਲ ਕੀ ਮਾਇਆ ਦੀ ਹਰ ਚੀਜ਼ ਏਨੀ ਮਨਮੋਹਣੀ ਹੈ ਕਿ ਮਨੁੱਖ ਦਾ ਮਨ ਬਦੋ-ਬਦੀ ਇਸ ਉਤੇ ਲੁਭਾਇਮਾਨ ਹੋ ਜਾਂਦਾ ਹੈ। ਮਾਇਆ ਕਰਤੇ ਪੁਰਖ ਵਲੋਂ ਮਨੁੱਖ ਦੀ ਦਾਸੀ ਬਣਾ ਕੇ ਭੇਜੀ ਹੋਈ ਹੈ। ਮਾਇਆ ਸੁਖਦਾਈ ਹੈ, ਜੇ ਮਨੁਖ



www.AKJ.Org

ਵਾਕਿਆ ਹੀ ਇਸ ਨੂੰ ਦਾਸੀ ਸਮਝ ਕੇ ਸੇਵਾ ਵਿਚ ਲਾਵੇ ਅਤੇ ਆਪਣੇ ਕਰਤਾ ਪੁਰਖ ਦਾ ਕ੍ਰਿਤੱਗ ਹੋ ਕੇ ਮਨ ਕਰਕੇ ਆਪਣੇ ਮਾਲਕ ਵਿਚ ਲੀਨ ਰਵ੍ਹੇ। ਪਰ ਮਾਇਆ ਏਨੀ ਪ੍ਰਬਲ ਹੈ ਕਿ ਮਨੁੱਖ ਦੀ ਸੁਰਤ ਭੁਲਾ ਦੇਂਦੀ ਹੈ। ਇਸ ਦੀ ਚਟਕ ਮਟਕ ਵਿਚ ਚਕਾ-ਚੂੰਧ ਹੋਇਆ ਹੋਇਆ ਮਨੁੱਖ ਕਰਤਾ ਪੁਰਖ ਦੀ ਹਸਤੀ ਤੋਂ ਹੀ ਮੁਨਕਰ ਹੋ ਜਾਂਦਾ ਹੈ। ਦਿਨ ਰਾਤ ਇਸ ਦਾ ਮਨ ਮਾਇਆ ਦੀਆਂ ਚਿਤਵਨੀਆਂ ਹੀ ਚਿਤਵਦਾ ਰਹਿੰਦਾ ਹੈ ਅਤੇ ਮਾਇਆ ਹਥੀਂ ਵਿਕ ਕੇ ਮਾਇਆ ਦਾ ਮੁਰੀਦ ਬਣ ਜਾਂਦਾ ਹੈ। ਇਹ 'ਭਰਮੁ' ਹੈ। 'ਭਰਮੁ' ਦੀ ਰੂਪ-ਰੇਖਾ ਗੁਰਬਾਣੀ ਵਿਚ ਇਸ ਪ੍ਰਕਾਰ ਦਿਤੀ ਮਿਲਦੀ ਹੈ :–

ਮਾਧਵੇ ਕਿਆ ਕਹੀਐ ਭ੍ਰਮੁ ਕੈਸਾ ॥
ਜੈਸਾ ਮਾਨੀਐ ਹੋਇ ਨ ਤੈਸਾ ॥੧॥ਰਹਾਉ॥
ਨਰਪਤਿ ਏਕੁ ਸਿੰਘਾਸਨਿ ਸੋਇਆ ਸੁਪਨੇ ਭਇਆ ਭਿਖਾਰੀ ॥
ਅਛਤ ਰਾਜ ਬਿਛੁਰਤ ਦੁਖੁ ਪਾਇਆ ਸੋ ਗਤਿ ਭਈ ਹਮਾਰੀ ॥੨॥
ਰਾਜ ਭੁਇਅੰਗ ਪ੍ਰਸੰਗ ਜੈਸੇ ਹਹਿ ਅਬ ਕਛੁ ਮਰਮੁ ਜਨਾਇਆ ॥
ਅਨਕ ਕਟਕ ਜੈਸੇ ਭੂਲਿ ਪਰੇ ਅਬ ਕਹਤੇ ਕਹਨੁ ਨ ਆਇਆ ॥੩॥

[ਸੋਰਠਿ ਰਵਿਦਾਸ ਜੀ, ਪੰਨਾ ੬੫੭-੫੮

ਸੋ 'ਭਰਮ' ਕੀ ਹੈ ? ਇਕ ਭੁਲੇਖਾ। ਇਸ ਭੁਲੇਖੇ ਦੇ ਕਈ ਪੱਖ ਹਨ, ਜਿਵੇਂ :–

(੧) ਸੰਸਾਰ ਵਿਚ ਮਾਇਆ ਹੀ ਸਭ ਕੁਝ ਹੈ।
(੨) ਮਾਇਕੀ ਪਦਾਰਥ ਅਤੇ ਉਹਨਾਂ ਦੇ ਰਸ-ਭੋਗ ਹੀ ਸਹੀ ਅਰਥਾਂ ਵਿਚ ਅਨੰਦ ਦੇ ਸੋਮੇ ਹਨ।
(੩) ਵਾਹਿਗੁਰੂ ਇਕ ਫਰਜ਼ੀ ਮਨੌਤ ਹੈ।
(੪) ਮਾਤਾ, ਪਿਤਾ, ਇਸਤ੍ਰੀ, ਪੁੱਤਰ, ਭੈਣ ਭਰਾ ਹੀ ਜੀਵਨ ਦੇ ਸਾਥੀ ਹਨ।
(੫) ਇਹ ਜੱਗ ਮਿੱਠਾ ਅਗਲਾ ਕਿਨੁ ਡਿਠਾ ?

ਇਹ ਭਰਮ ਦਾ ਐਵੇਂ ਮੋਟਾ ਮੋਟਾ ਵੇਰਵਾ ਹੈ। ਉਂਜ ਜੀਵਨ ਵਿਚ ਇਸ ਦਾ ਖੇਤਰ ਬੜਾ ਚੌੜਾ ਹੈ। ਭਰਮ ਦੀ ਸਬੱਲਤਾ ਦਾ ਅਨੁਮਾਨ ਇਸ ਗੱਲ ਤੋਂ ਲਾਇਆ ਜਾ ਸਕਦਾ ਹੈ ਕਿ ਸਾਰਾ ਸੰਸਾਰ ਇਸ ਵਿਚ ਪਲਚ ਪਲਚ ਕੇ ਖੁਆਰ ਹੋ ਰਿਹਾ ਹੈ, ਪਰ ਇਸ ਦੇ ਬਾਵਜੂਦ ਇਹ ਸਵੀਕਾਰ ਨਹੀਂ ਕਰਦਾ ਕਿ ਉਸ ਨੂੰ ਭਰਮ ਵਾਪਰਿਆ ਹੋਇਆ ਹੈ।

ਕਈਆਂ ਨੂੰ ਗੁਰਬਾਣੀ ਪੜ੍ਹਨ ਸੁਣਨ ਸਦਕਾ ਇਹ ਸੋਝੀ ਹੋ ਆਂਵਦੀ ਹੈ ਕਿ ਇਸਦੀ ਹਰ ਸ਼ੈ ਨਾਸ਼ਮਾਨ ਨੂੰ :– ਦ੍ਰਿਸਟਿਮਾਨ ਹੈ ਸਗਲ ਮਿਥੇਨਾ ॥੧੮॥ [ਮਾਰੂ ਮ: ੫, ਪੰਨਾ ੧੦੮੩

ਉਹਨਾਂ ਨੂੰ ਵਿਚਾਰ ਉਪਜਦੀ ਹੈ ਕਿ ਹਰ 'ਕ੍ਰਿਤ' ਦਾ ਕੋਈ 'ਕਰਤਾ' ਹੋਣਾ ਅਵੱਸ਼ ਹੈ। ਇਸ ਲਈ ਉਹ ਗੁਰਬਾਣੀ ਦੀ ਰੌਸ਼ਨੀ ਵਿਚ ਕਰਤੇ ਪੁਰਖ ਦੀ ਭਾਲ ਵਿਚ ਹੋ ਤੁਰਦੇ ਹਨ। ਕੁਦਰਤ ਦੇ ਨਜ਼ਾਰਿਆਂ ਨੂੰ ਵੇਖ ਵੇਖ ਕੇ ਉਹ ਵਿਸਮਾਦ ਵਿਚ ਆ ਜਾਂਦੇ ਹਨ, ਪਰ ਕੁਦਰਤ ਦੇ ਪੁਜਾਰੀ ਬਣਨ ਦੀ ਬਜਾਏ ਉਹ ਕੁਦਰਤ ਵਿਚੋਂ ਕਾਦਰ ਦਾ ਤਸੱਵਰ ਅੰਦਰ ਲਿਆ ਕੇ ਵਾਹ ਵਾਹ ਕਰ ਉਠਦੇ ਹਨ :–

ਬਲਿਹਾਰੀ ਕੁਦਰਤਿ ਵਸਿਆ ॥ (੪੬੯)

ਜਦੋਂ ਮਾਇਆ ਆਪਣੀ ਸਬੱਲਤਾ, ਸਵਾਦਿਸ਼ਟਤਾ ਤੇ ਸੁੰਦਰਤਾ ਦਾ ਚਮਤਕਾਰ ਦਿਖਾਉਂਦੀ ਹੈ ਤਾਂ ਉਹਨਾਂ ਬਿਬੇਕੀ ਵਿਅਕਤੀਆਂ ਦਾ ਮਨ ਇਸ ਦਾ ਨਿਜੀ ਪ੍ਰਭਾਵ ਕਬੂਲ ਕਰਨ ਦੀ ਬਜਾਇ ਕਰਤੇ ਪੁਰਖ ਵਿਚ ਜਾ ਟਿਕਦਾ ਹੈ। ਗੁਰਬਾਣੀ ਉਹਨਾਂ ਦੀ ਅਗਵਾਈ ਕਰਦੀ ਹੈ :–

(ਬਾਕੀ ਦੇਖੋ ਸਫਾ ੧੭ ਦੇ ਹੇਠ)



www.AKJ.Org

# ਸ੍ਰੀ ਅਕਾਲ ਤਖ਼ਤ ਸਾਹਿਬ ਦੀ ਹਜ਼ੂਰੀ ਵਿਚ

# ਪੰਥ-ਖਾਲਸਾ ਦੇ ਨਾਮ ਇਕ ਦਰਦ-ਭਰੀ ਅਪੀਲ

[ਵਲੋਂ—ਬਾਵਾ ਹਰਕ੍ਰਿਸ਼ਨ ਸਿੰਘ ਜੀ]

ਬਾਵਾ ਹਰਕ੍ਰਿਸ਼ਨ ਸਿੰਘ ਜੀ ਸਿਖ ਕੌਮ ਦੇ ਇਕ ਨਿਰਮਾਣ, ਨਿਸ਼ਕਾਮ, ਅਥੱਕ, ਦਰਦਿ-ਦਿਲ ਤੇ ਸੱਚੇ ਸੁੱਚੇ ਸੇਵਕ ਸਨ। ਆਪਣੀ ਸਾਰੀ ਆਯੂ ਕੌਮੀ ਕਾਰਜਾਂ ਦੀ ਸੇਵਾ ਨਿਭਾਂਦਿਆਂ ਬਿਤਾਈ। ਕੌਮ ਦੀ ਹਰ ਔਕੜ ਸਮੇਂ ਆਪ ਨਿਤਰਦੇ ਰਹੇ ਅਤੇ ਔਕੜਾਂ ਵਿਚੋਂ ਕਢਣ ਲਈ ਤੇ ਸਹੀ ਰਾਹ ਤੇ ਤੋਰਨ ਲਈ ਆਪ ਕੌਮ ਦੀ ਅਗਵਾਈ ਕਰਦੇ ਰਹੇ। ਮਿਤੀ ੧੬-੯-੭੭ ਨੂੰ ਆਪ ਦੀਆਂ ਪੰਥਕ ਸੇਵਾਵਾਂ ਨੂੰ ਮੁਖ ਰਖ ਕੇ, ਆਪ ਜੀ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਸਨਮਾਨਿਆ ਗਿਆ। ਇਸ ਸਮੇਂ ਭਾਰੀ ਪੰਥਕ ਇਕੱਠ ਵਿਚ ਬਾਵਾ ਜੀ ਨੇ ਸ਼ੁਕਰਾਨਾ ਕਰਦਿਆਂ ਪੰਥ ਦੇ ਨਾਂ ਇਕ ਦਰਦ-ਭਰਿਆ ਸੁਨੇਹਾ ਦਿਤਾ, ਜੋ ਉਸ ਸਮੇਂ ਟੇਪ-ਰੀਕਾਰਡ ਕੀਤਾ ਗਿਆ ਸੀ। ਉਨ੍ਹਾਂ ਦਾ ਉਹ ਭਾਸ਼ਨ ਹੂ-ਬ-ਹੂ ਅਕਤੂਬਰ ੧੯੭੭ ਦੇ 'ਸੂਰਾ' ਵਿਚ ਛਾਪਿਆ ਗਿਆ ਸੀ। ਸੰਗਤਾਂ ਦੀ ਮੰਗ ਅਨੁਸਾਰ ਉਹ ਲੇਖ ਦੁਬਾਰਾ ਇਸ ਪਰਚੇ ਵਿਚ ਦਿਤਾ ਜਾ ਰਿਹਾ ਹੈ।

ਕੌਮ ਦੇ ਨਾਂ ਇਹ ਦਰਦ-ਸੰਦੇਸ਼ ਬਾਵਾ ਜੀ ਦਾ ਆਖ਼ਰੀ ਸੰਦੇਸ਼ ਸੀ। ਆਪ ਜੀ ੧੮ ਅਗਸਤ ੧੯੭੮ ਨੂੰ ਗੁਰਪੁਰੀ ਪਧਾਰ ਗਏ। —ਸੰਪਾਦਕ

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਹ

ਪਿਆਰੇ, ਮਾਨਯੋਗ ਸਾਧ ਸੰਗਤ, ਗੁਰੂ ਖ਼ਾਲਸਾ ਤੇ ਪੰਥ ਦੇ ਸੇਵਕ ਸਾਹਿਬਾਨ–

ਮੈਨੂੰ ਖਿਮਾ ਕਰਨਾ, ਮੇਰੀਆਂ ਕਮਲੀਆਂ ਗੱਲਾਂ, ਮੇਰਾ ਜੀਵਨ ਹੁਲਾਰਾ, ਤੇ ਇਸ ਕਰਕੇ ਕੁਝ ਵਧ ਘਟ ਗੱਲ ਕਹੀ ਜਾਏ, ਇਹ ਦਾਸ, ਸਾਰੀ ਉਮਰ ਦਾ ਦਾਸ ਤੁਹਾਡੇ ਦਰਾਂ ਤੇ ਬਹਿਣ ਵਾਲਾ, ਸਮਝ ਕੇ ਮਾਫ਼ ਕਰਨਾ। ਮੇਰੇ ਮਨ ਵਿਚ ਐਸ ਵੇਲੇ ਇਹ ਆਇਆ ਹੈ ਕਿ ਜਿਵੇਂ ਉਹ ਮੇਰੇ ਸਾਰੇ ਸਾਥੀ, ਸਭ ਚਲੇ ਗਏ। ਮੇਰੇ ਮਾਣ ਦੇ ਥਾਉਂ, ਮੇਰੇ ਪਿਆਰ ਦੇ ਥਾਉਂ, ਮੈਥੋਂ ਵੱਡੇ, ਮੈਥੋਂ ਛੋਟੇ। ਪਿਆਰਿਓ, ਮੈਨੂੰ ਆਖਦੇ ਪਏ ਹਨ, ਤੂੰ ਸਾਰੀ ਉਮਰ ਗੁਰੂ ਕੇ ਦੁਆਰੇ ਬਿਤਾਈ। ਤੈਨੂੰ ਅਕਾਲ ਤਖ਼ਤ ਸਾਹਿਬ ਅਗੇ ਪੰਥ ਇਕੱਠਾ ਹੋਇਆ ਮਿਲਿਆ। ਤੂੰ ਕੋਈ ਗੱਲ ਕੰਮ ਦੀ ਕਹਿਣੀ ਸੀ।

ਸੋ ਪਿਆਰਿਓ, ਮਿਤਰੋ–

**"ਖੜਾ ਪੁਕਾਰੇ ਪਾਤਣੀ, ਬੇੜਾ ਕਪਰ ਵਾਤਿ ॥**[*]

ਮੇਰਾ ਜੀਅ ਕਰਦੇ, ਮੈਂ ਉਨ੍ਹਾਂ ਅਗੇ ਜਿਹੜੇ ਸਾਡੇ ਮਾਨਯੋਗ ਲੀਡਰ ਨੇ, ਆਗੂ ਨੇ, ਉਨ੍ਹਾਂ ਕੋਲ ਕੁਛ ਬੇਨਤੀਆਂ ਕਰਾਂ। ਉਹ ਇਹ ਕਿ ਸੌ ਹੱਥ ਰੱਸਾ ਤੇ ਸਿਰੇ ਤੇ ਗੰਢ। ਉਹ ਆਪੇ, ਆਪਣੇ ਸਾਰੇ ਪਰਵਾਰ ਦੇ ਵਿਚ ਖਿਲਾਰਨ।

*ਸਲੋਕ ਫਰੀਦ ਨੰ: ੩੫, ਪੰਨਾ ੧੩੮੨

ਸੋ ਮਾਨ ਯੋਗ ਸੇਵਕੋ, ਆਗੂਓ, ਵਾਹਿਗੁਰੂ ! ਜ਼ਰਾ ਸੋਚੀਏ, ਵਾਹਿਗੁਰੂ ! ਸੌ ਸਾਲ ਨਹੀਂ ਤਾਂ ਨਵੇ ਸਹੀ, ਨਵੇ ਨਹੀਂ ਤਾਂ ਅਸੀ ਸਹੀ, ਇਹ ਸ੍ਰੀ ਗੁਰੂ ਸਿੰਘ ਸਭਾ ਦੀ ਲਹਿਰ ਉਠੀ। ਉਹ ਫਿਰ ਅਗੇ ਵਧਦੇ ਗਏ। ਕਈ ਚੀਜ਼ਾਂ ਵਿਚ ਆਈਆਂ। ਫਿਰ ਇਹ ਗੁਰਦੁਆਰਾ ਲਹਿਰ ! ਫਿਰ ਬਹੁਤ ਕੁਛ ਬਣਿਆ। ਗੁਰਦਵਾਰਿਆਂ ਦਾ ਕਾਨੂੰਨ ਬਣਿਆ। ਗੁਰਦਵਾਰਿਆਂ ਦਾ ਪਰਬੰਧ ਕਰਨ ਵਾਸਤੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਬਣੀ। ਫੇਰ ਰਾਜਸੀ ਲਹਿਰਾਂ ਚਲੀਆਂ। ਕਿਉਂ ਨਾ ਚਲਣ ! ਇਹ ਕੰਗਲਿਆਂ ਦਾ ਪੰਥ ਨਹੀਂ। ਰਾਜ ਕਰੇਗਾ ਖ਼ਾਲਸਾ। ਭਰਾਵਾਂ ਨਾਲ ਮਿਲ ਕੇ ਰਾਜ ਕਰੇਗਾ। ਇਨਸਾਫ਼ ਦਾ ਰਾਜ ਕਰੇਗਾ। ਫਿਰ–

ਹੁਣਿ ਹੁਕਮੁ ਹੋਆ ਮਿਹਰਵਾਣ ਦਾ ॥
ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ
ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥[*]

*ਸਿਰੀ ਰਾਗੁ ਮ: ੫, ਪੰਨਾ ੭੪



www.AKJ.Org

ਇਹ ਵਿਚਾਰ ਦੀ ਗੱਲ ਏ। ਅਸੀਂ ਰਾਜਸੀ ਮੈਦਾਨ ਵਿਚ ਜੀਣਾ ਚਾਂਹਦੇ ਆਂ, ਵਧਣਾ ਚਾਂਹਦੇ ਆਂ, ਸੇਵਾ ਕਰਨੀ ਚਾਂਹਦੇ ਆਂ, ਆਪਣੇ ਪੰਥ ਦੀ, ਦੇਸ਼ ਦੀ, ਹਿੰਦੂ ਮੁਸਲਮਾਨ ਸਿਖ ਈਸਾਈ ਭਰਾਵਾਂ ਦੀ। ਅਰ ਸਾਡੀ ਵੀ ਜਗ੍ਹਾ ਹੈ। ਇਸ ਦੇਸ਼ ਦੇ ਵਿਚ ਸਿਖ ਇਕ ਲੋੜ ਨੂੰ ਪੂਰਾ ਕਰਦਾ ਹੈ। ਸੋ ਇਸ ਕਰਕੇ ਸਾਡੇ ਲੀਡਰਾਂ ਨੂੰ, ਸਾਡੇ ਆਗੂਆਂ ਨੂੰ, ਸਾਡੇ ਪਿਆਰੇ ਮਾਨਯੋਗ, ਭਾਈ! ਹੋਰ ਤੇ ਨੁਕਤਾਚੀਨੀਆਂ ਕਰਨ ਜੋਗਾ ਹੋਊ ਤੇ ਮੈਥੋਂ ਤਾਂ ਸਾਰੇ ਹੀ ਚੰਗੇ ਨੇ। ਤੇ ਮੈਂ ਕੀ ਕਹਾਂ? ਤੇ ਮੈਨੂੰ ਤਾਂ ਸਾਰਿਆਂ ਦੇ ਵਿਚ ਮਲੂਮ ਹੁੰਦੇ ਕੁਝ ਲਾਭ ਹੈਗਾ, ਕੁਝ ਗੁਣ ਹੈਗਾ। ਜੇ ਮੈਂ ਈਮਾਨਦਾਰ ਹਾਂ ਤਾਂ ਮੈਂ ਐਵੇਂ ਤਾਰੀਫ਼ ਕਰ ਦਿਤੀ ਤੇ ਐਵੇਂ ਨਿੰਦਿਆ ਕਰ ਦਿਤੀ, ਇਹ ਈਮਾਨਦਾਰ ਆਦਮੀ ਦਾ ਕੰਮ ਨਹੀਂ।

ਪਿਆਰੇ ਭਰਾਵੋ, ਬੋਹੜੀ ਜੇ! ਜਿਨ੍ਹਾਂ ਨੇ ਕੰਮ ਕਰ ਕੇ ਨਹੀਂ ਦੇਖਿਆ ਉਨ੍ਹਾਂ ਨੂੰ ਨਹੀਂ ਪਤਾ। ਜਿਨ੍ਹਾਂ ਨੇ ਕੰਮ ਕੀਤੇ ਨੇ ਉਨ੍ਹਾਂ ਨੂੰ ਪਤੇ ਕੰਮ ਕਰਨ ਵਾਲਿਆਂ ਦੀਆਂ ਕੀ ਮੁਸ਼ਕਲਾਂ ਹਨ। ਉਨ੍ਹਾਂ ਨੂੰ ਹਮਦਰਦੀ ਹੁੰਦੀ ਹੈ ਕੰਮ ਕਰਨ ਵਾਲਿਆਂ ਦੇ ਨਾਲ। ਸੋ ਪਿਆਰਿਓ, ਮੈਂ ਸਮਝਦਾ ਇਉਂ ਜੇ–

"ਖੜਾ ਪੁਕਾਰੇ ਪਾਤਣੀ ਬੇੜਾ ਕਪਰ ਵਾਤਿ॥"

ਪਿਆਰਿਓ, ਲੀਡਰੋ, ਪੰਥ ਦਾ ਖਜ਼ਾਨਾ ਜਿਹੜਾ ਹੈ ਇਹ ਸਾਂਭ ਕੇ ਰਖਣਾ। ਕੀ ਖ਼ਜ਼ਾਨਾ? ਹੋਰ ਭੀ ਚੀਜ਼ਾਂ ਹਨ, ਗੁਰਦੁਆਰੇ ਹਨ, ਗੁਰਦੁਆਰਾ ਕਾਨੂੰਨ ਹੈ। ਰਾਜਸੀ–ਰਾਜਸੀ ਕਾਮਯਾਬੀਆਂ। ਪਰ ਜਿਹੜਾ ਆਪ ਸਜਣਾਂ ਦੇ ਗੂੜ੍ਹਾ, ਵਿਚਾਰ ਕਰਨ ਵਾਲੀ ਗੱਲ ਹੈ, ਉਹ ਇਹ ਹੈ, ਮੇਰੀ ਕਮਲੇ ਦੀ, ਮੈਨੂੰ ਮਾਫੀ ਦੇਣੀ ਗੱਲਾਂ ਕਹੀਆਂ ਦੀ, ਭਰਾਵੋ, ਗੁਰਦੁਆਰਿਆਂ ਦੇ ਕਬਜ਼ੇ ਦੇ ਪਰਬੰਧ ਦਾ ਮਾਣ ਨਾ ਕਰੋ, ਇਹ ਇਕ ਮਿੰਟ 'ਚ ਖੁਸ ਸਕਦਾ ਏ। ਸਰਕਾਰ ਗੁਰਦੁਆਰਾ ਕਾਨੂੰਨ ਜਿਹੜਾ ਹੈ, ਉਸ ਨੂੰ ਸਸਪੈਂਡ ਕਰ ਸਕਦੀ ਹੈ। ਅਤੇ ਕੋਈ ਜੋਸ਼ ਵਿਚ ਆ ਕੇ ਕਹੋ ਕਾਨੂੰਨ! ਓਇ, ਆਈਨ ਸਾਰੇ ਹਿੰਦੁਸਤਾਨ ਦਾ ਸਸਪੈਂਡ ਕਰ ਦਿਤਾ, ਮੁਅੱਤਲ ਕਰ ਦਿਤਾ। ਕੋਈ ਕੁਸਕਿਆ ਨਹੀਂ, ਦਸ ਬਾਰ੍ਹਾਂ ਸਾਲ, ਏਡੀ ਅਤ ਹੋਈ, ਜ਼ੁਲਮ ਹੋਇਆ! ਤੁਸੀਂ ਕੀ ਚੀਜ਼ ਹੋ? ਕੀ ਨਹੀਂ ਹੋ ਸਕਦਾ? ਸਾਡੀ ਆਪਸ ਵਿਚ ਦੀ ਲੜਾਈਆਂ ਕਰਕੇ, ਸਰਕਾਰ ਜਿਹੜੀ ਹੈ, ਉਹ ਪੁਕਾਰ ਕਰੇ, ਸਾਡਾ ਕੀ ਪਤਾ, ਅਸੀਂ ਖ਼ੂਨ ਖ਼ਰਾਬਾ ਵੀ ਕਰ ਦੇਣ ਵਾਲੇ ਹਾਂ। ਸੋ ਏਸ ਕਰਕੇ ਮੈਂ ਇਕ ਬੇਨਤੀ ਕਰਦਾ ਹਾਂ, ਗੁਰਦੁਆਰੇ ਖੁਸ ਸਕਦੇ ਨੇ, ਰਾਜਸੀ ਜਿਹੜੀਆਂ ਕਾਮਯਾਬੀਆਂ, ਪ੍ਰਾਪਤਾਂ, ਵਜ਼ਾਰਤਾਂ ਨੇ, ਖੁਸ ਸਕਦੀਆਂ ਨੇ। ਜਿਨ੍ਹਾਂ ਨਾਲ ਰਲ ਕੇ ਬਣਾਈ ਉਹ ਹੀ ਡਿਗ ਜਾਣ ਤਾਂ ਫਿਰ ਕੀ ਹੋਏਗਾ?

ਇਸ ਕਰਕੇ ਕੁਝ ਮੁਢਲੀਆਂ ਗੱਲਾਂ ਜਿਹੜੀਆਂ ਨੇ, ਉਨ੍ਹਾਂ ਵਲ ਧਿਆਨ ਦੇਣਾ ਚਾਹੀਦਾ ਹੈ, ਬੜੇ ਅਦਬ ਦੇ ਨਾਲ, ਇਕ ਦਾਅਵੇ ਦੇ ਨਾਲ। ਇਹ ਦਾਅਵਾ ਕਿ ਭਰਾਵੋ, ੧੯੧੨ ਤੋਂ ਲੈ ਕੇ, ਬਲਕਿ ਉਸ ਤੋਂ ਪਹਿਲੋਂ, ਜਦੋਂ ਮਿਸ਼ਨ ਕਾਲਜ ਪੜ੍ਹਦੇ ਸਾਂ, ਓਦੋਂ ਤੋਂ ਹੀ ਇਹ ਗੁਰੂ ਦੇ ਦੁਆਰੇ ਦੀ ਲਗਨ ਸੀ। ਓਦੋਂ ਤੋਂ ਹੁਣ ਤਕ ਬੂਹੇ ਤੇ ਬੈਠਾ ਦਰਬਾਨ ਵੇਖਦਾ ਰਿਹਾ, ਜੋ ਕੁਝ ਹੁੰਦਾ ਰਿਹਾ। ਤੇ ਇਹੋ ਬੇਨਤੀ ਕਰਨਾ ਚਾਹਨਾਂ ਹਾਂ ਕਿ ਕੁਝ ਕੁ ਚੀਜ਼ਾਂ ਬਹੁਤ ਸਾਂਭ ਕੇ ਰਖਣ ਵਾਲੀਆਂ ਨੇ।

ਇਕ ਤਾਂ ਮਹਾਰਾਜ ਗੁਰੂ ਬਾਬੇ, ਗੁਰੂ ਨਾਨਕ ਦੀ ਦੇਣ–

ਘਰਿ ਘਰਿ ਅੰਦਰਿ ਧਰਮਸਾਲ,
ਹੋਵੈ ਕੀਰਤਨੁ ਸਦਾ ਵਿਸੋਆ॥*

ਇਹ ਘਰ ਘਰ ਅੰਦਰ ਧਰਮਸਾਲ ਬਾਬੇ ਗੁਰੂ ਨਾਨਕ, ਜਗਤ ਗੁਰੂ ਦੀ ਦਾਤ ਹੈ ਸਾਰੀ। ਜਦੋਂ ਗੁਰਦੁਆਰੇ ਸਾਡੇ ਕਬਜ਼ੇ ਵਿਚ ਨਹੀਂ ਸੀ ਆਏ ਤਾਂ ਫਿਰ ਘਰ ਘਰ ਅੰਦਰ ਧਰਮਸਾਲ ਸੀ। ਇਹ ਸਾਂਭ ਕੇ ਰਖਣ ਵਾਲੀ ਚੀਜ਼ ਹੈ। ਇਕ ਸਿਰਫ਼ ਸਿਖ ਹਨ ਜਿਨ੍ਹਾਂ ਦੇ ਘਰ ਵਿਚ ਪ੍ਰਕਾਸ਼ ਹੁੰਦਾ ਹੈ, ਧਰਮਸਾਲਾਂ ਹਨ ਬਹੁਤ ਸਾਰਿਆਂ ਦੇ, ਹੋਰ ਕਿਸੇ ਦੇ ਨਹੀਂ।

ਇਕ ਕੀਰਤਨ ਗੁਰੂ ਕੇ ਸ਼ਬਦ ਦਾ। ਇਕ ਪ੍ਰਕਾਸ਼ ਮਹਾਰਾਜ ਦੀ ਬਾਣੀ ਦਾ। ਇਹ ਕਥਾ

*ਭਾਈ ਗੁਰਦਾਸ ਜੀ, ਵਾਰ ੧ ਪਉੜੀ ੨੭


www.AKJ.Org

ਵਖਿਆਨ ਇਕੱਠੇ ਹੋ ਕੇ, ਇਕ ਗੋਸ਼ਟ, ਗੱਲਾਂ ਬਾਤਾਂ ਕਰਨੀਆਂ, ਪਰਮਾਰਥ ਦੀਆਂ; ਇਹ ਬੜੀ ਸਾਂਭ ਕੇ, ਪਕੜ ਕੇ ਰਖਣ ਵਾਲੀ ਚੀਜ਼ ਹੈ।

ਫੇਰ ਇਹ ਮੈਂ ਸਾਰੀ ਉਮਰ, ਪਤਾ ਨਹੀਂ ਤੁਹਾਨੂੰ ਕਈਆਂ ਨੂੰ ਹੈਰਾਨਗੀ ਹੋਇਗੀ, ਮੈਂ ਅਕਾਲੀ ਦਲ ਦਾ ਮੈਂਬਰ ਕਦੇ ਨਹੀਂ ਬਣਿਆ। ਪਰ ਮੈਂ ਜੋ ਕੁਛ ਹੋਇਆ ਦੇਖਦਾ ਹਾਂ, ਜੋ ਕੁਛ ਐਸ ਵੇਲੇ ਹੈ, ਜੋ ਮੇਰੀ ਨਜ਼ਰ, ਮਾੜੀ ਮੋਟੀ ਨਜ਼ਰ ਤਾਂ ਦੇਖਦੀ ਹੈ, ਐਵੇਂ ਤਾਂ ਨਹੀਂ ਗੁਆਏ, ਖੋਤੇ ਨਹੀਂ ਚਾਰੇ ਐਨਾ ਚਿਰ!

ਸੋ ਪਿਆਰਿਓ, ਇਹ ਗੁਰੂ ਕੀ ਬਖਸ਼ਸ਼, ਅਕਾਲੀ ਦਲ, ਬੜੀ ਸਾਂਭ ਕੇ ਰੱਖਣ ਵਾਲੀ ਚੀਜ਼ ਜੇ। ਕੌਣ ਕਹਿ ਰਿਹਾ ਹੈ? ਚਿਟ-ਪਗੜੀਆ ਬਾਵਾ ਹਰਕ੍ਰਿਸ਼ਨ ਸਿੰਘ। ਖੱਦਰ ਨਹੀਂ ਪਾਇਆ, ਕਾਲੀ ਪੱਗ ਨਹੀਂ, ਕਦੇ ਅਕਾਲੀ ਦਲ ਦਾ ਮੈਂਬਰ ਨਹੀਂ ਬਣਿਆ। ਮੈਂ ਤਾਂ ਕਦੇ ਸ਼ਰੋਮਣੀ ਕਮੇਟੀ ਦੀ ਚੋਣ ਵਾਸਤੇ ਵੀ ਖੜਾ ਨਹੀਂ ਹੋਇਆ। ਇਕ ਵਾਰੀ ਮਾਸਟਰ ਹੋਰਾਂ ਬਦੋ-ਬਦੀ, ਦੋ ਸੀਟਾਂ ਖਾਲੀ ਸਨ, ਇਕ ਉਨ੍ਹਾਂ ਛੱਡਣੀ ਸੀ, ਤੇ ਮੈਨੂੰ ਅੰਮ੍ਰਿਤਸਰ ਦੀ ਓਥੇ,ਉਹ ਬਗੈਰ ਚੋਣ ਦੇ ਹੋ ਗਈ, ਉਹ ਸੀਟ ਦਿਤੀ। ਨਹੀਂ ਤੇ ਮੈਂ ਸ਼ਰੋਮਣੀ ਕਮੇਟੀ ਲਈ ਕਦੇ ਨਹੀਂ ਖਲੋਤਾ। ਇਹ ਮੈਂ ਕੋਈ ਵਡਿਆਈ ਦੀ ਗੱਲ ਨਹੀਂ ਕਹਿੰਦਾ। ਮੈਂ ਮੁੰਡੇ ਪੜ੍ਹਾਉਣ ਵਾਲਾ, ਮਰਾ ਉਹ ਕੰਮ। ਤੇ ਸਰਦਾਰੀਆਂ ਤੁਹਾਨੂੰ ਸੋਭਣ।

**ਸੋ ਪਿਆਰਿਓ, ਮੇਰੀ ਬੁੱਧੀ, ਮੇਰੀ ਅੱਖ ਇਹ ਦੇਖਦੀ ਹੈ, ਐਸਾ ਸਮਾਂ ਆ ਸਕਦਾ ਹੈ, ਗੁਰਦੁਆਰੇ ਖੁਸ ਜਾਣ, ਵਜ਼ਾਰਤਾਂ ਟੁਟ ਜਾਣ। ਇਕ ਚੀਜ਼ ਜੇ ਕਾਇਮ ਹੈ ਤਾਂ ਸਿਖ ਦੀ ਤਾਕਤ ਕਾਇਮ ਰਹੇਗੀ–ਉਹ ਹੈ ਅਕਾਲੀ ਦਲ।**

ਤੁਸੀਂ ਕਹੋਗੇ, ਕੀ ਗੱਲ ਕਰਦਾ ਹੈ ਅਕਾਲ ਤਖ਼ਤ ਤੇ? ਸਰਦਾਰ ਹੁਕਮ ਸਿੰਘ ਹੋਰੀਂ ਹੈਰਾਨ ਹੁੰਦੇ ਹੋਣਗੇ। ਅਕਾਲੀ ਦਲ ਨੂੰ ਸਾਂਭ ਕੇ ਰਖੋਗੇ ਤਾਂ ਸਭ ਚੀਜ਼ ਗਈ ਹੋਈ ਆ ਜਾਏਗੀ, ਕਿਉਂਕਿ, ਹੋਰ ਸ਼ਕਤੀ ਕੀ? ਦੇਖੋ ਨਾ, ਸ਼ਰੋਮਣੀ ਕਮੇਟੀ ਵੀ ਜਿਸ ਵੇਲੇ ਟੁਟ ਗਈ, ਤੇ ਸ਼ਰੋਮਣੀ ਕਮੇਟੀ ਦੇ ਮੈਂਬਰਾਂ ਦੀ ਤਾਂ ਕੋਈ ਜੱਥੇਬੰਦੀ ਨਹੀਂ। ਜੇ ਵਜ਼ਾਰਤ ਟੁਟ ਗਈ, ਉਹ ਜਿਸ ਪਾਰਟੀ ਦੇ ਹੈਨ, ਉਹ ਕੁਝ ਕਰੇ, ਪਾਰਟੀ ਦੀ ਜਿੱਤ ਹੋਵੇ ਤਾਂ ਉਨ੍ਹਾਂ ਦੀ ਜਿੱਤ, ਤੇ ਸਿੰਘਾਂ ਦਾ ਚਾਹੇ ਧਾਰਮਕ ਕੰਮ ਹੋਵੇ, ਚਾਹੇ ਰਾਜਸੀ ਹੋਵੇ, ਚਾਹੇ ਕੋਈ ਹੋਰ ਹੋਵੇ। ਦੇਸ਼ ਦੇ ਉਤੇ ਬੜੇ ਬੜੇ ਖ਼ਤਰੇ ਆ ਸਕਦੇ ਨੇ। ਹਾਂ, ਉਸ ਵੇਲੇ ਮਹਾਰਾਜ ਨੇ ਕਿਹਾ–

ਹੋਰੁ ਵੀ ਉਠਸੀ ਮਰਦਾ ਕਾ ਚੇਲਾ॥*

ਸਿੰਘ ਦਾ ਖੰਡਾ ਜਿਹੜਾ ਹੈਗਾ, ਅਕਾਲੀ ਦਾ ਖੰਡਾ, ਉਹ ਦੇਸ਼ ਦੀ ਸੇਵਾ ਕਰਨ ਵਾਸਤੇ ਖੜਕੇਗਾ।

ਸੋ ਪਿਆਰਿਓ, ਉਹ ਜਿਹੜੀ ਸਾਰੀ ਸਾਡੀ ਧਾਰਮਕ, ਸਾਡੀ ਰਾਜਸੀ, ਸਾਡੀ ਵਿਦਿਅਕ, ਜਿਹੜੀ ਜ਼ਿੰਦਗੀ ਹੈ, ਉਹ ਹੁਣ ਉਸ ਨੂੰ ਬਲ ਦੇਣ ਵਾਲਾ, ਉਹਨੂੰ ਔਕੜਾਂ ਚੋਂ ਕੱਢਣ ਵਾਲਾ, ਅਕਾਲੀ ਦਲ ਹੀ ਹਸਤੀ ਹੈ ਸਾਡੇ ਕੋਲ। ਇਹੋ ਹੈ ਇਕ ਪਿਆਰਿਓ! ਇਹ ਤੁਸੀਂ ਨਹੀਂ ਬਣਾਈ, ਮੈਂ ਨਹੀਂ ਬਣਾਈ।

ਜਿਸ ਤਰ੍ਹਾਂ, ਕਬਜ਼ਾ ਲੈਣ ਨਹੀਂ ਸੀ ਆਏ। ਅਕਾਲੀ ਦਲ ਦਾ ਕੋਈ ਖਿਆਲ ਹੀ ਨਹੀਂ ਸੀ। ਉਹ ਗੱਲ ਤਾਂ ਇਹ ਹੋਈ, ਕੁਝ ਕਹਿੰਦਿਆਂ ਅਖੇ ਬੁਰਾ ਲਗਦੈ–ਕਿ ਉਹ ਨਿਹੰਗ ਸਿੰਘ ਜਿਹੜੇ ਨੇ, ਉਨ੍ਹਾਂ ਨੇ ਆ ਇਥੇ ਕਬਜ਼ਾ ਕੀਤਾ, ਸ਼ੁਰੂ ਦੇ ਦਿਨਾਂ ਵਿਚ। ਉਹ ਕਹਿਣ, ਅਸੀਂ ਅਕਾਲੀ ਹਾਂ। ਅਸੀਂ ਸਾਰਿਆਂ ਰਲ ਮਿਲ ਕੇ ਕਿਹਾ, ਨਹੀਂ। ਅਸੀਂ ਕਿਹਾ, ਓਇ ਐਉਂ ਕਰੋ, ਇਥੇ ਸਵਾਦਾਰ ਜਿਹੜੇ ਕੰਮ ਕਰਨ ਵਾਲੇ ਨੇ, ਆਦਮੀ ਤੇ ਤੀਵੀਆਂ, ਤੁਸੀਂ ਵੀ ਦੁਪੱਟੇ ਕਾਲੇ ਉਹ ਰੰਗ ਲਵੋ। ਰੰਗ ਕੇ ਅਕਾਲੀ ਬਣ ਗਏ, ਜਾਹਲੀ ਅਕਾਲੀ। ਉਨ੍ਹਾਂ ਦੇ ਮੂੰਹ ਬੰਦ ਕਰਨ ਵਾਸਤੇ। ਉਹ ਕਹਿੰਦੇ, ਅਕਾਲ ਤਖਤ ਅਕਾਲੀਆਂ ਦਾ। ਅਕਾਲ ਤਖਤ ਤਾਂ ਨਾਂ ਹੀ ਨਹੀਂ ਸੀ, ਉਸ ਵੇਲੇ ਅਕਾਲ ਬੁੰਗਾ ਕਹਿੰਦੇ ਸੀ। ਉਨ੍ਹਾਂ ਇਕ ਵਾਰੀ ਹਮਲਾ ਕਰ ਦਿਤਾ ਇਥੇ ਆ ਕੇ। ਕੁਝ ਉਹ

*ਤਿਲੰਗ ਮ: ੧, ਪੰਨਾ ੭੨੩



www.AKJ.Org

ਵੀ ਜ਼ਖ਼ਮੀ ਹੋਏ, ਸਾਡੇ ਵੀ ਹੋਏ। ਸੀ. ਆਈ. ਡੀ. ਦੀ ਸ਼ਰਾਰਤ। ਚਲੋ, ਖ਼ੈਰ !

ਸੋ ਪਿਆਰਿਓ, ਇਹ ਗੱਲ ਠੀਕ ਹੈ, ਮੈਂ ਉਨ੍ਹਾਂ ਵਿਚੋਂ ਹਾਂ, ਜਿਨ੍ਹਾਂ ਇਕ ਲੰਬੀ ਇਤਿਹਾਸ ਦੇ ਵਿਚ ਦੇਖਿਆ ਕਿ ਕਈ ਵਾਰੀ ਅਕਾਲੀ ਦਲ ਬੜਾ ਭਾਰੀ ਖ਼ਤਰਾ ਬਣ ਗਿਆ, ਅਰ ਕਈ ਫ਼ੈਸਲੇ ਗ਼ਲਤ ਹੋਏ, ਕਿਉਂਕਿ ਜਿਹੜੇ ਸ਼ਰੋਮਣੀ ਕਮੇਟੀ, ਇਹ ਸਾਰੇ ਕੰਮ ਕਾਜ ਰਾਜਸੀ ਕਰਨ ਵਾਲੇ ਹਨ, ਉਨ੍ਹਾਂ ਦੇ ਨਾਲ ਅਕਾਲੀ ਦਲ ਮਿਲ ਕੇ ਨਹੀਂ ਸੀ ਚਲਦਾ, ਉਨ੍ਹਾਂ ਨੂੰ ਡੇਗਣਾ ਚਾਂਹਦਾ ਸੀ। ਤੇ ਉਹ ਡਰਦੇ ਮਾਰੇ, ਕਿ ਅਸੀਂ ਨਾ ਕੀਤਾ, ਤੇ ਇਸ ਪ੍ਰੋਗਰਾਮ ਨੂੰ, ਇਸ ਕੰਮ ਨੂੰ ਅਕਾਲੀ ਦਲ ਹੱਥ ਵਿਚ ਲੈ ਲਏਗਾ, ਤੇ ਅਸੀਂ ਵਿਚ ਐਵੇਂ ਫਾਡੀ ਰਹਿ ਗਏ। ਉਹ ਆਪਣੀ ਸੋਚਣੀ, ਆਪਣੇ ਵਿਚਾਰ ਦੇ ਵਿਰੁਧ ਹੋ ਕੇ, ਅਕਾਲੀ ਦਲ ਦੇ ਪ੍ਰੈਸ਼ਰ (ਦਬਾਅ) ਦੇ ਹੇਠ ਆ ਕੇ ਕਈ ਫ਼ੈਸਲੇ ਹੋਏ। ਉਸ ਵੇਲੇ, ਮੈਂ ਕਹਿੰਦਾ ਹਾਂ, ਅਕਾਲੀ ਦਲ ਖਤਰਾ ਬਣ ਗਿਆ।

**ਅਕਾਲੀ ਦਲ ਸਿਰਫ ਸੇਵਾ ਵਾਸਤੇ ਹੈ। ਇਸ ਨੂੰ ਉਹ ਪਦਵੀ ਮਿਲੀ ਜਿਹੜੀ ਕਿਸੇ ਨੂੰ ਨਹੀਂ ਮਿਲੀ। ਇਹ ਸੇਵਾ ਕਰਦਾ ਤੇ ਸੇਵਾ ਕਰਾਉਂਦਾ ਹੈ। ਇਹ ਸੇਵਕ ਪੈਦਾ ਕਰਦਾ ਹੈ ਅਤੇ ਸੇਵਕਾਂ ਨੂੰ ਜੀਵਾਂਦਾ ਹੈ। ਇਹ ਸੇਵਕਾਂ ਨੂੰ ਬਲ ਦੇਂਦਾ ਹੈ। ਇਹੋ ਕੰਮ ਹੈ ਇਸ ਦਾ।**

**ਸੋ ਪਿਆਰਿਓ, ਅਕਾਲੀ ਦਲ ਨੂੰ ਕਾਇਮ ਰਖਣਾ, ਅਕਾਲੀ ਦਲ ਤੇ ਮਿਹਨਤ ਕਰ ਕੇ ਚੰਗੇ ਆਦਮੀ ਪਾਣਾ, ਅਕਾਲੀ ਦਲ ਦੇ ਹੈੱਡ ਕਿਸੇ ਗੁਰੂ ਕੇ ਲਾਲ ਨੂੰ ਬਣਾਨਾ, ਜਿਸ ਨੂੰ ਨਾ ਕੋਈ ਖ਼ਰੀਦ ਸਕੇ, ਨਾ ਕੋਈ ਉਸ ਨੂੰ ਡਰਾ ਸਕੇ। ਉਹ ਗੁਰੂ ਕਾ ਸੂਰਮਾ, ਉਹ ਦਰਬਾਨ ਹੈ ਪੰਥ ਦਾ। ਹੋਰ ਉਹਨੂੰ ਕੀ ਚਾਹੀਦੈ ?**

ਸੋ ਪਿਆਰਿਓ, ਇਕ ਸਾਧ ਸੰਗਤ ਧਰਮਸਾਲ ਦੇ ਵਿਚ ਇਕ ਜਿਹੜੀਆਂ ਰੀਤੀਆਂ ਨੇ, ਗੁਰੂ ਗਰੀਬ-ਨਿਵਾਜ ਨੇ, ਕਈ ਪਾਤਸ਼ਾਹੀਆਂ ਨੇ, ਇਕੱਠੀਆਂ ਕੀਤੀਆਂ। ਇਹ ਮਹਾਰਾਜ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼, ਇਹ ਵਾਕ, ਕੀਰਤਨ, ਇਹ ਕਥਾ ਵਖਿਆਨ, ਇਹ ਗੋਸ਼ਟ, ਇਹ ਸੇਵਾ, ਇਹ ਲੰਗਰ, ਇਹ ਜੋੜਿਆਂ ਦੀ, ਇਹ ਕਿਆ ਕਹੀਏ, ਬੇਨਜ਼ੀਰ, ਔਰ ਕਹੀਂ ਦੇਖਨੇ ਮੇਂ ਨਹੀਂ ਆਏਗੀ।

ਸੋ ਸਾਹਿਬ ਸੱਚੇ ਪਾਤਸ਼ਾਹ ! ਮਿਹਰ ਕਰੀਂ, ਆਗੂਆਂ ਨੂੰ, ਆਗੂਆਂ ਨੂੰ ਮਦਦ ਕਰੀਂ, ਅਗਵਾਈ ਕਰੀਂ।

ਪਰ ਪਿਆਰਿਓ, ਸਾਨੂੰ ਵੀ ਸੁਮੱਤ ਦੇਵੇ। ਓਇ, ਆਗੂਆਂ ਨੂੰ ਕੰਮ ਵੀ ਤਾਂ ਕਰਨ ਦਿਓ ! ਜਿਸ ਆਗੂ ਦੇ ਹੱਥ ਪੈਰ ਬੰਨ੍ਹ ਦਿਓਗੇ ਉਹ ਕੀ ਕੰਮ ਕਰੇਗਾ ? ਫੇਰ ਜੇ ਤੁਸੀਂ ਅਭੁਲ ਨਹੀਂ ਤੇ ਮੈਂ ਅਭੁਲ ਨਹੀਂ, ਤੇ ਜਿਹੜੇ ਕੰਮ ਕਰਨ ਵਾਲੇ ਨੇ, ਇਹ ਅਭੁੱਲ ਬਣ ਗਏ ? ਉਨ੍ਹਾਂ ਤੋਂ ਵੀ ਭੁੱਲਾਂ ਹੋਣਗੀਆਂ। ਮੈਂ ਇਹ ਨਹੀਂ ਕਹਿ ਰਿਹਾ ਕਿ ਬੇਈਮਾਨ ਆਦਮੀਆਂ ਦੇ, ਜਿਹੜੇ ਕਿ ਹੈਨ, ਹੱਥ-ਠੋਕਾ ਬਣ ਜਾਵੇ। ਮੇਰੀ ਗੱਲ ਨੂੰ ਪ੍ਰੇਮ ਨਾਲ ਸਮਝਣ ਦੀ ਕੋਸ਼ਿਸ਼ ਕਰੋ, ਆਪਣੇ ਜਿਹੜੇ ਲੀਡਰ ਨੇ, ਉਨ੍ਹਾਂ ਦੀ ਮਦਦ ਕਰੀਏ, ਮਸਲਨ ਮੈਂ ਹੁਣ ਕਹਿੰਦਾ ਤਾਂ ਸੰਗਦਾ ਹਾਂ, ਪਈ ਮੇਰੇ ਦਿਲ ਨੂੰ ਬੜੀ ਖ਼ੁਸ਼ੀ ਹੁੰਦੀ ਹੈ, ਐਸ ਵੇਲੇ ਸਿੰਘਾਂ ਦੇ ਕੰਮ– ਓਇ ਯੂਨੀਵਰਸਿਟੀਆਂ ਬਣ ਗਈਆਂ, ਭਾਵੇਂ ਖਪ-ਖੁਪ ਹੀ ਪੈਂਦੀ ਹੈ, ਯੇਹ ਹੈ ਵੋਹ ਹੈ, ਸਾਰਿਆਂ ਦੇ ਹੈਗੀ ਹੀ ਹੈ।

ਔਹ ਪੰਜਾਬੀ ਸੂਬਾ ਬਣਿਆ, ਮਹਾਰਾਜ ਸਚੇ ਪਾਤਸ਼ਾਹ ਦੀ ਦੇਣ–

ਕੋਊ ਕਿਸੀ ਕੋ ਰਾਜ ਨ ਦੇ ਹੈ।
ਜੋ ਲੇ ਹੈ ਨਿਜ ਬਲ ਸੇ ਲੈ ਹੈ।

ਖ਼ਾਲਸੇ ਨੇ ਬੇਹੱਦ ਕੁਰਬਾਨੀਆਂ ਦੇ ਨਾਲ ਲਿਆ। ਮੈਂ ਨਾਂ ਨਹੀਂ ਲੈਣਾ ਚਾਹੁੰਦਾ, ਉਹ ਫਿਰ ਐਵੇਂ ਈਰਖਾ ਜਿਹੀ ਪੈਦਾ ਹੁੰਦੀ ਹੋ ਜਾਂਦੀ ਹੈ ਕਿ ਫਲਾਣੇ ਨੇ ਕੀਤੀ, ਉਹ ਕੀਤੀ। ਸਾਰੀ ਦੁਨੀਆ ਜਾਣਦੀ ਹੈ ਜਿਨ੍ਹਾਂ ਨੇ ਕੀਤੀਆਂ। ਭੁੱਲਾਂ ਭੀ ਹੋਈਆਂ, ਗਲਤੀਆਂ ਭੀ ਹੋਈਆਂ, ਪਰ ਕੰਮ ਸਿਰੇ ਚੜ੍ਹ ਗਿਆ। ਪੰਜਾਬੀ ਸੂਬਾ ਬੜੀ ਭਾਰੀ ਚੀਜ਼ ਏ। ਇਹ ਕਿਨ੍ਹ ਦਿਵਾਇਆ? ਪਤਾ ਨਹੀਂ, ਤੁਹਾਡਾ ਧਿਆਨ ਕਦੇ ਇਧਰ ਗਿਆ


www.AKJ.Org

ਕਿ ਨਹੀਂ ? ਪੰਜਾਬੀ ਸੂਬਾ,ਇਹ ਸੱਚੀ ਗੱਲ ਜੇ, ਐਡਾ ਕੁਰਬਾਨੀਆਂ ਨੇ ਨਹੀਂ ਦਿਵਾਇਆ, ਇਹ ਪੰਜਾਬੀ ਜ਼ਬਾਨ ਨੇ ਨਹੀਂ ਦਿਵਾਇਆ, ਇਹ ਦਿਵਾਇਆ ਜੇ ਗੁਰਮੁਖੀ ਅੱਖਰਾਂ ਨੇ, ਲਿੱਪੀ ਨੇ। ਜੇ ਗੁਰਮੁਖੀ ਅੱਖਰ ਨਾ ਹੁੰਦੇ ਪੰਜਾਬੀ ਜ਼ਬਾਨ ਲਿਖਣ ਵਾਸਤੇ, ਤੇ ਸਾਨੂੰ ਗੁਰੂ ਸੁਮੱਤ ਨਾ ਦਿੰਦਾ ਕਿ ਅਸੀਂ ਮਰ ਮਿਟੀਏ ਇਨ੍ਹਾਂ ਅੱਖਰਾਂ ਪਿਛੇ। ਤੇ ਪੰਜਾਬੀ ਕਾ ਮਤਲਬ ਹੈ ਪੰਜਾਬੀ ਜ਼ਬਾਨ ਗੁਰਮੁਖੀ ਅੱਖਸ਼ਰੋਂ ਮੇਂ, ਲਿਪੀ ਮੇਂ ਲਿਖੀ ਹੋਈ। ਤੇ ਪੰਜਾਬੀ ਸੂਬਾ ਕੋਈ ਨਹੀਂ ਸੀ ਬਣਨਾ। ਬਣਿਆ, ਬਹੁਤ ਅੱਛਾ ਹੋਇਆ।

ਸੋ ਭਰਾਵੋ, ਜਿਸ ਤਰ੍ਹਾਂ ਸ਼ਰੋਮਣੀ ਕਮੇਟੀ ਵਾਲਿਆਂ ਵਲੋਂ, ਤੁਹਾਡਾ ਖ਼ਿਆਲ ਏ ਕਿ ਮੈਂ ਕੋਈ ਅੰਨ੍ਹਾਂ ? ਸਾਨੂੰ ਪਤਾ ਨਹੀਂ, ਜੋ ਕੁਝ ਹੁੰਦਾ ਰਿਹੈ ਪਿਛੇ ਜਿਹੇ ? ਅਤੇ ਜੋ ਕੁਝ ਹੋ ਸਕਦੈ ? ਅਤੇ ਕੀ ਕਰੀਏ ? ਤੁਹਾਨੂੰ ਬਣਾ ਦਈਏ ਗੁਰਦਵਾਰਿਆਂ ਦਾ ਇਨਚਾਰਜ ? ਮੈਨੂੰ ਬਣਾ ਦੇਣਾ ਇਕੱਲੇ ਨੂੰ ਡਿਕਟੇਟਰ ? ਕਨੂੰਨ ਜੁ ਹੋਇਆ ! ਚੋਣਾਂ ਹੋਣੀਆਂ ਹੋਈਆਂ ! ਤੇ ਚੋਣਾਂ ਦਾ ਫਿਟੇ ਮੂੰਹ ! ਪਰ ਚੋਣਾਂ ਬਿਨਾਂ ਗੁਜ਼ਾਰਾ ਵੀ ਨਹੀਂ। ਇਹ ਹੁਣ ਚੋਣ ਹੀ ਕਹਿੰਦੇ ਨੇ ਕਿ ਯਾਰ੍ਹਾਂ ਸਾਲ ਹੋ ਗਏ ਨੇ, ਕਰਾਂਦੀ ਨਹੀਂ ਸਰਕਾਰ। ਵੇਖੋ, ਗੱਲ ਸੋਚਣ ਵਾਲੀ ਏ, ਚੋਣ ਕਰਾਣ ਵਿਚ ਕੁਝ ਸਮਝਦੇ ਹੋਣੇ ਨੇ। ਉਨ੍ਹਾਂ ਨੂੰ ਕੁਝ ਭਾਉਂਦਾ ਈ ਨਹੀਂ, ਤਾਂ ਹੀ ਨਹੀਂ ਨਾ ਕਰਾਂਦੇ। ਅਸੀਂ ਤਾਂ ਕਹਿੰਦੇ ਹਾਂ, ਕਰਾਓ।

ਸੋ ਪਿਆਰਿਓ, ਬੜਾ ਮੁਸ਼ਕਲ ਕੰਮ ਹੈ, ਗੁਰ-ਦੁਆਰਿਆਂ ਦਾ ਪਰਬੰਧ ! ਤੌਬਾ ਤੌਬ ! ਮੈਂ ਇਸੇ ਕਰਕੇ ਖੜਾ ਨਹੀਂ ਸਾਂ ਹੁੰਦਾ। ਨਰਮ ਜਿਹਾ ਆਦਮੀ ਹਾਂ। ਤੇ ਨਾਲੇ ਗੁਰੂ ਦੀ ਫੌਜ ਦੇ ਵਿਚ ਕੋਈ ਅਟੰਕ ਵੀ ਚਾਹੀਦੈ। ਹਾਂ, ਉਹ ਅਟੰਕ ਬੜਾ ਕੰਮ ਕਰਦੇ ਨੇ। ਉਨ੍ਹਾਂ ਦੀ ਜਿਹੜੀ ਵਿਚਾਰ-ਦ੍ਰਿਸ਼ਟੀ ਜੋ ਵੇਖਦੇ ਨੇ, ਉਹ ਦੂਸਰਿਆਂ ਨਾਲੋਂ ਜ਼ਰਾ ਕੁ ਵਖਰੀ ਹੁੰਦੀ ਹੈ ਤੇ ਉਹ ਲੀਡਰਾਂ ਦੇ ਕੰਮ ਆਉਂਦੀ ਹੈ। ਇਹ ਮੈਨੂੰ ਇਕੱਲੇ ਨੂੰ, ਮੇਰਾ ਕੋਈ ਧੜਾ ਨਹੀਂ ਸੀ, ਪਰ ਮੈਨੂੰ ਇਕੱਲੇ ਨੂੰ ਇਹ ਸਾਰੇ ਪਿਆਰ ਕਰਦੇ ਰਹੇ, ਕਈ ਵੇਰ ਬੁਲਾਂਦੇ ਰਹੇ। ਉਹ ਇਸ ਕਰਕੇ, ਉਹ ਦੇਖਣਾ ਸੁਣਨਾ ਚਾਹੁੰਦੇ ਸਨ ਕਿ ਅਟੰਕ ਆਦਮੀ ਕੀ ਵਿਚਾਰ ਕਰਦਾ ਹੈ, ਅਟੰਕ ਆਦਮੀ ਸਾਡੀ ਕੀ ਮਦਦ ਕਰ ਸਕਦਾ ਹੈ। ਉਹ ਅਟੰਕਤਾ ਜਿਹੜੀ ਹੈ ਇਹ ਵੀ ਇਕ, ਕੌਮਾਂ ਵਿਚ ਹੁੰਦੀ ਹੈ। ਮੈਂ ਇਕ ਗੱਲ ਕਰਦਾਂ, ਉਹ ਜਿਹੜਾ ਸਭ ਤੋਂ ਵੱਡਾ ਹੈ ਐਸ ਵੇਲੇ, ਸ਼ਕਤੀ ਜੇਹੀ, ਹਿੰਦੁਸਤਾਨ ਦੀ ਰਾਜਸੀ—ਜੈ ਪ੍ਰਕਾਸ਼ ਨਰਾਇਣ ਉਹ ਅਟੰਕ ਹੈ। ਅਰ ਉਸ ਦਾ ਸਾਰਾ ਅਸਰ ਹੈ, ਭਾਰ ਹੈ, ਉਸ ਦੀ ਅਟੰਕਤਾ ਕਰਕੇ। ਤੇ ਜਿਹੜੇ ਅਟੰਕ ਹਨ ਭਾਂਗੇ, ਘੋਟ ਕੇ ਪੀਣ ਵਾਲੇ ਨਿਹੰਗ ਸਿੰਘ ਮੇਰੇ ਵਰਗੇ, ਉਨ੍ਹਾਂ ਨੂੰ ਵੀ ਜ਼ਰਾ ਜਿਗਰੇ ਨਾਲ ਸਹਾਰ ਲਿਆ ਕਰੋ। ਉਨ੍ਹਾਂ ਨੂੰ ਵੀ ਜੀਣ ਦਿਓ, ਉਨ੍ਹਾਂ ਨੂੰ ਵੀ ਆਪਣੇ ਸੇਵਕ ਸਮਝੋ।

ਸੋ ਪਿਆਰਿਓ, ਗਿਆਨੀ ਜੀ ਨੇ, ਮੈਨੂੰ ਬੜੀ ਖ਼ੁਸ਼ੀ ਹੋਈ, ਨਾਂ ਲਿਆ ਜਿਹੜੀਆਂ ਚੀਜ਼ਾਂ—ਗੁਰਦੁਆਰਾ ਕਾਨੂੰਨ ਤੇ ਸ਼ਬਦਾਰਥ—ਦਾ। ਪਰ ਇਕ ਅਫਸੋਸ ਦੀ ਗੱਲ ਹੈ ਕਿ ਤੁਸੀਂ ਕੋਸ਼ਿਸ਼ ਕਰੋ, ਸ਼ਬਦਾਰਥ ਦਾ ਪੜ੍ਹਿਆਂ ਵਿਚ ਕੋਈ ਪਰਚਾਰ ਨਹੀਂ ਹੋਇਆ। ਮੈਂ ਜਿਥੇ ਕਿਧਰੇ ਵੀ ਗਿਆਂ, ਅਤੇ ਪੜ੍ਹੇ ਲਿਖੇ ਵਿਦਵਾਨ ਪ੍ਰੇਮੀਆਂ ਨਾਲ ਗੱਲ ਕੀਤੀ, ਉਨ੍ਹਾਂ ਨੂੰ ਸ਼ਬਦਾਰਥ ਦਾ ਪਤਾ ਈ ਨਹੀਂ। ਸੋ ਇਹ ਚੀਜ਼ ਹੈ, ਪੜ੍ਹਿਆਂ ਵਿਚ ਇਸ ਦਾ ਪਰਚਾਰ ਕਰੋ ਕਿ ਇਸ ਨੂੰ ਵਰਤਣ ਵੀ।

ਅਛਾ ਪਿਆਰਿਓ, ਸਭ ਕੁਛ ਹੋਇਗਾ, ਜੇ ਅਕਾਲੀ ਦਲ ਜੀਊਂਦਾ ਰਹੇ। ਅਕਾਲੀ ਦਲ, ਜੋ ਉਹਦਾ ਕੰਮ ਹੈ, ਉਹ ਕਰੇ। ਤੇ ਜੇ ਅਸੀਂ ਕੰਮ ਕਰਨ ਵਾਲਿਆਂ ਨੂੰ ਕੰਮ ਕਰਨ ਦੇਈਏ, ਉਨ੍ਹਾਂ ਨਾਲ ਪਿਆਰ ਮੁਹੱਬਤ ਕਰੀਏ।

ਹੁਣ ਮੈਂ ਤੁਹਾਨੂੰ ਆਪਣੇ ਹਿਰਦੇ ਦੀ ਗੱਲ ਦਸਦਾਂ। ਮੈਂ ਗੱਲ ਕਰਦਾ, ਪਰ ਐਨੇ ਸਾਲਾਂ ਦਾ ਸਭ ਕੁਝ ਦੇਖ-ਦਿਖਾ ਕੇ ਜੇ ਕਿਤੇ ਅਜ ਰਾਤ ਨੂੰ ਵੀ ਪ੍ਰਾਣ ਨਿਕਲ ਜਾਣ, ਮੈਨੂੰ ਇਕ ਬੜੀ ਖੁਸ਼ੀ ਹੋਵੇਗੀ ਕਿ ਪੰਥ ਦਾ ਬੜਾ ਪਰਤਾਪ ਦੇਖਿਐ। ਜੇ ਸ਼ਰੋਮਣੀ ਕਮੇਟੀ ਦੀ ਅਧੋਗਤੀ ਪਿਛੇ ਜਿੰਨੇ ਤਕ ਹੋ ਚੁਕੀ ਹੈ,


www.AKJ.Org

ਤੁਸੀਂ ਵੀ ਦੇਖੀ, ਮੈਂ ਵੀ ਦੇਖੀ—ਸ਼ਾਇਦ ਮੈਂ ਜ਼ਿਆਦਾ ਸਮਝਦਾ ਸਾਂ ਪੁਰਾਣਾ ਹੋਣ ਕਰਕੇ। ਸ਼੍ਰੋਮਣੀ ਕਮੇਟੀ ਦਾ ਕੰਮ ਜਿੰਨੇ ਚਿਕਰ ਭੁਲੜ ਬੰਦਾ ਕਰਨ ਵਾਲਾ ਹੈ, ਕਾਫ਼ੀ ਕੁਝ ਤੁਹਾਡੇ ਸੇਵਕ, ਮੈਂ ਨਾਂ ਨਹੀਂ ਲੈਂਦਾ, ਮੈਂ ਕੀ ਲੈਣਾ ਟੋਹੜਾ ਸਾਹਿਬ ਤੋਂ ਜਾਂ ਕਿਸੇ ਹੋਰ ਤੋਂ ? ਤੇ ਇਕੱਲੇ ਟੋਹੜਾ ਸਾਹਿਬ ਲੈ ਲਓ, ਉਹ ਕੀ ਕਰ ਸਕਦੇ ਨੇ ? ਤੇ ਫਿਰ ਤੁਹਾਡੇ ਸੇਵਕ ਰਾਜਸੀ ਕੰਮ ਸੋਹਣਾ ਕਰਦੇ ਨੇ, ਬੜੀ ਸਿਆਣਪ ਨਾਲ।

ਪਿਆਰਿਓ, ਅਸੀਂ ਰਾਜਸੀ ਤਾਕਤ ਚਾਹਨੇ ਆਂ। ਐਵੇਂ ਨਹੀਂ ਕਹਿੰਦੇ ਫਿਰਨਾ, ਮਹਾਰਾਜ, ਮੋਹ ਮਾਇਆ, ਮੋਹ ਮ ਇਆ, ਚਲ ਓਇ, ਮੋਹ ਮਾਇਆ ! ਅਖੇ ਜੀ ਇਹ, ਇਹ ਮਾੜੇ ਨੇ। ਤੇ ਦੂਏ ਚੰਗੇ ਨੇ ? ਜੇ ਚੋਰਾਂ ਦਾ ਰਾਜ ਹੋਣੈ ਤਾਂ ਹਿੰਦੂ ਚੋਰ ਦੇ ਨਾਲ ਸਿਖ ਚੋਰ ਵੀ ਮਿਲੇ ਹੋਏ ਸਨ। ਮੈਂ ਇਹ ਐਵੇਂ ਜ਼ਰਾ ਜੋਸ਼ ਨਾਲ ਗੱਲ ਕਹੀ ਹੈ। ਮੇਰਾ ਮਤਲਬ ਇਹ ਹੈ ਕਿ, ਕੋਈ ਸਾਡੇ ਹੀ ਰਾਜਸੀ ਆਦਮੀ ਚੋਰ ਨੇ ? ਪੰਜਾਬ ਦੇ ਰਾਜਸੀ ਕੰਮ ਹਨ, ਭਾਈ, ਹੋਰਨਾਂ ਨਾਲੋਂ, ਦੂਜਿਆਂ ਨਾਲੋਂ, ਕੋਈ ਮਾੜੇ ਨਹੀਂ, ਚੰਗੇ ਹੀ ਨੇ। ਹੈਂ ! ਪਈ ਸਾਡਾ ਉਹ ਬਰਨਾਲਾ ਸਾਹਿਬ, ਬੜੀ ਸੋਭਾ ਪਾਈ ਹੈ।

ਸੋ ਭਰਾਵੋ, ਪਹਿਲੋਂ ਆਪਣਾ ਘਰ ਸੋਧ ਲਈਏ। ਉਹ ਕਿਹੜਾ ? ਇਹ ਵਿਦਿਆ ਦਾ। ਫਿਟ ਮੂੰਹ ਸਾਡਾ ਟੀਚਰਾਂ ਦਾ। ਮੈਂ ਕਹਿ ਸਕਦਾ ਹਾਂ, ਕਿਉਂਕਿ ਮੈਂ ਸਾਰੀ ਉਮਰ ਆਪ ਟੀਚਰ ਰਿਹਾਂ। ਮੈਂ ਆਪਣੇ ਆਪ ਨੂੰ ਫਿਟ ਮੂੰਹ ਕਹਿਨਾਂ। ਉਹ ਜੋ ਕੁਝ ਖਲਜਗਣੀ ਸੀ, ਸਾਡੇ ਕਾਲਜ, ਸਾਡੀਆਂ ਯੂਨੀਵਰਸਿਟੀਆਂ, ਸਾਡੇ ਹੋਰ ਅਦਾਰੇ, ਇਹ ਮੰਦੇ ਹਾਲ ਨੇ। ਮੈਂ ਕੀ ਦੱਸ ਸਕਦਾ ਹਾਂ, ਕਿਵੇਂ ਉਨ੍ਹਾਂ ਦਾ ਸੁਧਾਰ ਹੋਵੇ। ਮੈਂ ਕੋਈ ਡਾਕਟਰ ਨਹੀਂ।

ਕਈ ਵਾਰੀ ਬੜੇ ਸਜਣਾਂ ਨੇ ਪਿਆਰ ਦੇ ਨਾਲ ਪਿਛਲੇ ਦਸ ਪੰਦਰ੍ਹਾਂ ਵੀਹ ਸਾਲ ਪਹਿਲਾਂ ਵੇਹਲੇ ਹੋ ਕੇ ਮੈਨੂੰ ਮਿਲਣਾ ਤੇ ਕਹਿਣਾ ਕਿ ਬਾਵਾ ਜੀ, ਬੜੀ ਅਧੋਗਤੀ ਜੇ ਗੁਰਦਵਾਰਿਆਂ ਦੀ, ਕੋਈ ਦਸੋ ਉਪਾਅ।

ਮੈਂ ਕਿਹਾ, "ਮੇਰੇ ਪਾਸ ਕੋਈ ਉਪਾਅ ਨਹੀਂ।"

"ਤੁਸਾਂ ਬੜਾ ਕੁਝ ਦੇਖਿਐ।"

ਮੈਂ ਕਿਹਾ, "ਇਸੇ ਕਰਕੇ ਕਹਿਨਾਂ।"

"ਫਿਰ ਕੀ ਹੋਵੇਗਾ ?"

"ਮੈਂ ਨਹੀਂ ਕੁਛ ਕਹਿ ਸਕਦਾ। ਸਿਖਾਂ ਦੀ ਕਿਸਮਤ ਅੱਛੀ ਹੋਈ ਤਾਂ ਗੁਰੂ ਕਲਾ ਵਰਤਾਏਗਾ। ਜਿਸ ਤਰੀਕੇ ਨਾਲ ਪਹਿਲਾਂ ਗੁਰਦੁਆਰੇ ਲਏ, ਉਸ ਤਰੀਕੇ ਨਾਲ ਨਾ ਹੁਣ ਸੁਧਾਰ ਕੀਤਾ ਜਾ ਸਕਦਾ ਹੈ ਤੇ ਨਾ ਅਸਾਂ ਕਰਨੈਂ। ਕਿਉਂਕਿ ਮੁੜ ਕੇ ਉਹੋ ਹਾਲਤ ਹੋਏਗੀ।"

"ਇਹ, ਫਿਰ ਕੀ ਬਣੇਗਾ ?"

ਮੈਂ ਕਿਹਾ, "ਕਿਸੇ ਨੂੰ ਕੁਝ ਨਹੀਂ ਕਹਿ ਸਕਦਾ। ਗੁਰਦਵਾਰਿਆਂ ਦੇ ਧਾਨ ਤੋਂ ਬਚਣਾ, ਧਰਮ-ਸਾਲ ਦੀ ਝਾਕ ਤੋਂ ਬਚਣਾ ਭਾਈ ਗੁਰਦਾਸ ਜੀ ਨੇ ਕਿਹਾ ਹੈ। ਖ਼ੈਰ, ਜਿੰਨਾ ਚਿਰ ਹੈਨ, ਭਾਈ ਮੇਰੇ ਨਾਲੋਂ ਚੰਗਾ ਕਰਦੇ ਨੇ। ਗੁਰੂ ਇਨ੍ਹਾਂ ਨੂੰ ਹੋਰ ਸਮਰਥਾ ਦੇਵੇ, ਹੋਰ ਦੇਵੇ, ਤੇ ਸਾਨੂੰ ਵੀ ਦੇਵੇ ਸੇਵਕਾਂ ਨੂੰ ਕੁਝ ਮਦਦ ਕਰਨ ਲਈ।" ਵਾਹਿਗੁਰੂ !

ਸੱਚੇ ਪਾਤਸਾਹ ! ਮੈਂ ਇਨ੍ਹਾਂ ਨੂੰ ਜ਼ੋਰ ਦੇ ਕੇ ਕਹਿ ਕੇ ਆਇਆ ਸੀ, ਹੁਕਮ ਸਿੰਘ ਹੋਰਾਂ ਨੂੰ, ਮੈਨੂੰ ਜ਼ੋਰ ਨਾ ਦੇਈਂ ਬੋਲਣ ਦਾ, ਤੇ ਮੈਂ ਤਾਂ ਕਿੰਨਾ ਕੁਛ ਬੋਲ ਗਿਆ ਹਾਂ ! ਪਰ ਬੋਲਿਆਂ ਦਿਲ ਦੇ ਉਮਾਹ 'ਚ। ਤੇ ਬੋਲਣ ਵਿਚ ਗ਼ਲਤੀਆਂ ਵੀ ਕੀਤੀਆਂ ਹੋਣਗੀਆਂ।

ਗੱਲ ਜਿਹੜੀ ਮੈਂ ਕੀਤੀ ਹੈ, ਪਤੇ ਦੀ ਕੀਤੀ ਹੈ। ਉਹ ਸਾਡੇ ਲੀਡਰਾਂ ਦੀ ਵਿਚਾਰਨ ਵਾਲੀ ਹੈ। ਵਾਹ ਸੱਚੇ ਪਾਤਸ਼ਾਹ ! ਵਾਹ !!

ਹਮ ਕੂਕਰ ਤੇਰੇ ਦਰਬਾਰਿ ॥
ਭਉਕਹਿ ਆਗੈ ਬਦਨੁ ਪਸਾਰਿ* ॥

ਮੈਂ ਬਹੁਤ ਬਹੁਤ ਮਾਫ਼ੀ ਮੰਗਦਾ ਹਾਂ। ਸਮਾਂ ਵੀ ਲਿਆ, ਬੋਲਿਆ ਵੀ ਬਹੁਤ। ਬਹੁਤਾ ਬੋਲੀਏ ਤਾਂ ਕੁਝ ਕੁਚੱਜੇ ਲਫ਼ਜ਼ ਵੀ ਮੂੰਹੋਂ ਨਿਕਲ ਜਾਂਦੇ ਹਨ। ਉਹ ਫਿਰ ਪਤਾ ਨਹੀਂ ਮਨਾ—

*ਰਾਮਕਲੀ ਕਬੀਰ ਜੀਉ, ਪੰਨਾ ੯੬੯



www.AKJ.Org

'ਅਮੀਰ' ਜਮ੍ਹਾ ਹੈ ਅਹਿਬਾਬ, ਹਾਲੇ ਦਿਲ ਕਹਿ ਲੌ।
ਫਿਰ ਇਤਫ਼ਾਕ ਦਿਲੇ ਨਾ-ਤਵਾਂ, ਰਹੇ ਨਾ ਰਹੇ।*

ਓਇ ਮਨਾ! ਕਦ ਕਦ ਪੰਥ ਅਕਾਲ ਤਖਤ ਤੇ ਇਕੱਠਾ ਹੋਇਆ ਹੋਵੇਗਾ! ਅਤੇ ਤੂੰ ਉਹਦੇ ਚਰਨਾਂ ਵਿਚ ਖਲੋ ਕੇ ਕੂਕ ਮਾਰਨ ਜੋਗਾ ਹੋਵੇਂਗਾ! ਸ਼ੁਕਰ ਕਰ ਤੇ ਗੁਰੂ ਦੀ ਸੰਗਤ ਦਾ ਧੰਨਵਾਦ ਕਰ।

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਹ॥

ਆਗਿਆ ਭਈ ਅਕਾਲ ਕੀ ਤਬੀ ਚਲਾਇਓ ਪੰਥ।
ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨੀਓ ਗ੍ਰੰਥ।

ਮੈਂ ਅਪਨਾ ਸੁਤ ਤੁਹਿ ਨਿਵਾਜਾ॥
ਪੰਥ ਪ੍ਰਚੁਰ ਕਰਬੇ ਕਉ ਸਾਜਾ॥
ਜਾਹਿ ਤਹਾ ਤੈ ਧਰਮੁ ਚਲਾਇ॥
ਕੁਬੁਧਿ ਕਰਨ ਤੇ ਲੋਕ ਹਟਾਇ॥
ਠਾਢ ਭਇਓ ਮੈ ਜੋਰ ਕਰ,
ਬਚਨ ਕਹਾ ਸਿਰ ਨਿਆਇ॥
ਪੰਥ ਚਲੈ ਤਬ ਜਗਤ ਮਹਿ,
ਜਬ ਤੁਮ ਕਰਹੁ ਸਹਾਇ॥੩੦॥(੬)

ਵਾਹਿਗੁਰੂ ਜੀ ਕਾ ਖ਼ਾਲਸਾ॥
ਵਾਹਿਗੁਰੂ ਜੀ ਕੀ ਫ਼ਤਹ॥

---

(ਸਫ਼ਾ ੧੦ ਦੀ ਬਾਕੀ)

ਇਹ ਸ੍ਰਪਨੀ ਤਾ ਕੀ ਕੀਤੀ ਹੋਈ॥ ਬਲੁ ਅਬਲੁ ਕਿਆ ਇਸ ਤੇ ਹੋਈ॥੪॥੧੯॥
ਆਸਾ ਕਬੀਰ ਜੀ, ਪੰਨਾ ੪੮੦

ਗੁਰਬਾਣੀ ਉਹਨਾਂ ਨੂੰ ਗੁਰੂ ਦੇ ਲੜ ਲਗਣ ਦੀ ਪ੍ਰੇਰਨਾ ਦਿੰਦੀ ਹੈ:–

ਸਭਿ ਜਾਇ ਮਿਲਹੁ ਸਤਿਗੁਰੂ ਕਉ ਮੇਰੀ ਜਿੰਦੁੜੀਏ ਜੋ ਹਰਿ ਹਰਿ ਨਾਮੁ ਦ੍ਰਿੜਾਵੈ ਰਾਮ॥
ਹਰਿ ਜਪਦਿਆ ਖਿਨੁ ਪਲ ਢਿਲ ਨ ਕੀਜਈ ਮੇਰੀ ਜਿੰਦੁੜੀਏ
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ॥੨॥੫॥ [ਬਿਹਾਗੜਾ ਮ: ੪, ਪੰਨਾ ੫੪੦

ਸੋ ਉਹ ਲੋਕ-ਲਾਜ ਤੇ ਮਿਥਿਆ ਮੋਹ ਛਡ ਕੇ ਖੰਡੇ ਦਾ ਅੰਮ੍ਰਿਤ ਛਕ ਕੇ ਗੁਰੂ ਦੇ ਚਰਨੀਂ ਲਗ ਜਾਂਦੇ ਹਨ। 'ਗੁਰੂ' ਉਹਨਾਂ ਦੇ ਭਰਮ-ਛੌੜ ਕਟ ਦੇਂਦਾ ਹੈ ਅਤੇ ਮਾਇਆ ਦ ਛਲ-ਛਿਦਰ ਤੋਂ ਬਚਾ ਕੇ ਨਾਮ ਵਿਚ ਜੋੜ ਦੇਂਦਾ ਹੈ:–

ਸਰਬ ਸੁਖਾ ਬਨੇ ਤੇਰੈ ਓਲ੍ਹੈ॥ ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ॥੧॥ਰਹਾਉ॥
[ਆਸਾ ਮ: ੫, ਪੰਨਾ ੩੮੫

ਮਾਇਆ ਮੋਹਿ ਸਭੋ ਜਗੁ ਬਾਧਾ॥ ਹਉਮੈ ਪਚੈ ਮਨਮੁਖ ਮੂਰਾਖਾ॥
ਗੁਰ ਨਾਨਕ ਬਾਹ ਪਕਰਿ ਹਮ ਰਾਖਾ॥੪॥੨॥੯੬॥
ਆਸਾ ਮ: ੫, ਪੰਨਾ ੩੯੪

ਗੁਰੂ ਦਾ ਮਿਲਾਪ, ਮਨੁੱਖ ਉਤੇ ਵਾਹਿਗੁਰੂ ਦੀ ਸਭ ਤੋਂ ਵੱਡੀ ਬਖਸ਼ਸ਼ ਹੈ। ਇਹ 'ਕਰਮੁ' ਹੈ।

'ਭਰਮੁ ਅਤੇ 'ਕਰਮੁ' ਦੋਵੇਂ ਵਿਧਾਤਾ ਨੇ ਪੈਦਾ ਕੀਤੇ ਹਨ ਅਤੇ ਇਹ ਦੋਵੇਂ ਜਗਤ-ਖੇਡ ਦੇ ਮਹੱਤਵ-ਪੂਰਨ ਪੱਖ ਹਨ। ਜੇ 'ਭਰਮੁ' ਨ ਹੋਵੇ ਤਾਂ ਜਗਤ-ਖੇਡ ਬਣ ਹੀ ਨਹੀਂ ਸਕਦੀ। ਜੇ 'ਕਰਮੁ' ਨ ਹੋਵੇ ਤਾਂ ਜਗਤ ਨਰਕ ਬਣ ਜਾਵੇ, ਹਰ ਪਾਸਿਓਂ ਕੁਰਲਾਹਟ ਤੇ ਹਾਹਾਕਾਰ ਹੀ ਸੁਣੀਵੇ। 'ਭਰਮੁ' ਤਾਂ ਹਰੇਕ ਨੂੰ ਵਿਆਪਿਆ ਹੋਇਆ ਹੈ, ਪਰ 'ਕਰਮੁ' ਕਿਸੇ ਵਿਰਲੇ ਤੇ ਹੁੰਦਾ ਹੈ।

ਜ਼ਰਾ ਸੋਚੀਏ! ਕੀ ਅਸੀਂ ਅਜੇ 'ਕਰਮੁ' ਦੇ ਪਾਤਰ ਬਣੇ ਹਾਂ? ਜੇ ਨਹੀਂ ਤਾਂ ਕੀ 'ਭਰਮੁ' ਵਿਚ ਹੀ ਭੁਲੇ ਰਹਿਣਾ ਹੈ?

---

*ਹੇ ਅਮੀਰ! ਜਿਗਰੀ ਦੋਸਤ ਇਕੱਠੇ ਹੋਏ ਹਨ, ਇਨ੍ਹਾਂ ਮੂਹਰੇ ਆਪਣੇ ਦਿਲ ਦਾ ਹਾਲ ਕਹਿ ਲੈ। ਹੇ ਮੇਰੇ ਕਮਜ਼ੋਰ ਦਿਲ, ਫਿਰ ਇਹ ਮੌਕਾ ਬਣੇ ਜਾਂ ਨਾ ਬਣੇ।



www.AKJ.Org

# ਖਾਲਸੇ ਨੇ ਵਿਗੜੀ ਸਵਾਰੀ ਹਿੰਦੁਸਤਾਨ ਦੀ

[ਵਲੋਂ–ਗਿਆਨੀ ਗੋਪਾਲ ਸਿੰਘ ਜੀ 'ਮਿੱਤਰ' ਮਾਲਬ, ਗੁੜਗਾਉਂ (ਹਰਿਆਣਾ) ]

ਫੁੱਟ ਚੰਦਰੀ ਨੇ ਜਦੋਂ ਹਿੰਦੂ ਬਲਧਾਰੀ ਕੌਮ, ਕੀਤੀ ਸੀ ਨਿਤਾਣੀ ਆ ਕੇ ਸਾਰੀ ਹਿੰਦੁਸਤਾਨ ਦੀ।
ਬਾਹੂ ਬਲ ਗਿਆ, ਐਸ਼੍ਵਰਜ ਤਖ਼ਤ ਤਾਜ ਲੁੱਟੇ, ਉਜੜਦੀ ਗਈ ਫੁਲਵਾੜੀ ਹਿੰਦੁਸਤਾਨ ਦੀ।
ਹੱਥ ਆਇਆ ਦੇਸ਼ ਜਰਵਾਣੇ ਇਸਲਾਮੀਆਂ ਦੇ, ਉਨ੍ਹਾਂ ਪੱਤ ਆਬਰੂ ਉਜਾੜੀ ਹਿੰਦੁਸਤਾਨ ਦੀ।
'ਚੰਗੇਜ਼', 'ਤੈਮੂਰ' ਤੇ 'ਹਲਾਕੂ' ਜਿਹੇ ਜ਼ਾਲਮਾਂ ਨੇ, ਲੁੱਟੀ, ਪੁੱਟੀ, ਕੁੱਟੀ ਜਨਤਾ ਹਿੰਦੁਸਤਾਨ ਦੀ।
ਮੁਗਲਾਂ, ਮੁਤਅਸਬੀਆਂ, ਗ਼ਜ਼ਨਵੀਆਂ, ਅਬਦਾਲੀਆਂ ਨੇ, ਰਹੀ ਸਹੀ ਲਾਜ-ਪੱਤ ਪਾੜੀ ਹਿੰਦੁਸਤਾਨ ਦੀ।
ਮਾਰਾਂ ਖਾ ਖਾ ਯੋਧੇ ਜਰਨੈਲ ਚੁੱਪ ਸਾਧ ਬੈਠੇ, 'ਖਾਲਸੇ' ਨੇ ਵਿਗੜੀ ਸੰਵਾਰੀ ਹਿੰਦੁਸਤਾਨ ਦੀ। ੧।

ਉਹ ਵੀ ਹੈਸੀ ਵੇਲਾ ਜਦੋਂ ਇਕ ਇਕ ਮੁਗ਼ਲ ਆ ਕੇ, ਸੌ ਸੌ ਹਿੰਦੂ ਲੜਕੀਆਂ ਲਿਜਾਂਦਾ ਅਗੇ ਲਾਇ ਕੇ।
ਖੂਨ ਹੰਝੂ ਰੋਂਦੀਆਂ ਨਿਮਾਣੀਆਂ ਨਿਤਾਣੀਆਂ ਸੀ, ਕੌਣ ਫ਼ਰਿਆਦ ਸੁਣੇ 'ਮਿੱਤਰ' ਉਥੇ ਆਇ ਕੇ।
ਰਿਸ਼ੀ ਮੁਨੀ ਸੰਤ ਅਵਤਾਰ ਸਭ ਸੌਂ ਗਏ ਸੀ, ਕੰਦਰਾਂ 'ਚ ਵੜੇ ਮੂੰਹ ਚਾਦਰੀਂ ਛੁਪਾਇ ਕੇ।
ਧਨ ਮਾਲ ਜੋਬਨ ਸੁੰਦਰਤਾ ਮਿੱਟੀ ਵਿਚ ਰੁਲੇ, ਜੋ ਵੀ ਆਇਆ ਧਾੜਵੀ ਉਹ ਲੈ ਗਿਆ ਉਠਾਇ ਕੇ।
ਘਰ ਘਰ ਪਿੱਟਣੇ ਤੇ ਪੈਂਦੇ ਵੈਣ ਕੀਰਨੇ ਸੀ, ਹਰ ਪਾਸੇ 'ਵਾਜ ਹੈ ਸੀ ਰੋਣ ਕੁਰਲਾਣ ਦੀ।
ਕਿਸੇ ਨੇ ਵੀ ਧੀਰਜ ਨ ਰੋਂਦਿਆਂ ਨੂੰ ਆਣ ਦਿਤਾ, ਖਾਲਸੇ ਨੇ ਵਿਗੜੀ ਸੰਵਾਰੀ ਹਿੰਦੁਸਤਾਨ ਦੀ। ੨।

ਆਉਂਦੇ ਸਨ ਧਾੜਵੀ ਜੋ ਟੱਪ 'ਦੱਰਾ ਖ਼ੈਬਰ' ਨੂੰ, ਦੰਦ ਭੰਨੇ ਉਨ੍ਹਾਂ ਦੇ, ਉਹ ਸਦੀਵੀ ਮਾਰ ਖਾ ਗਏ।
ਪਰਤ ਕੇ ਨ ਆਏ ਉਹ ਪੰਜਾਬ ਨੂੰ ਉਲਾਂਘ ਕੇ ਤੇ, 'ਨਾਦਰ' ਅਬਦਾਲੀਆਂ ਦੇ ਪੁੱਤਰ ਘਬਰਾ ਗਏ।
ਖੇਤ ਵਿਚ ਰੱਖ ਕੇ ਚਖਾਇਆ ਫਲ ਜ਼ਾਲਮਾਂ ਨੂੰ, ਬਚ ਗਏ ਜਿਹੜੇ ਉਹ ਕਰਾਰੇ ਫੱਟ ਖਾ ਗਏ।
ਰੋਂਦੀਆਂ 'ਅਬਦਾਲਣਾਂ', ਪਠਾਣੀਆਂ ਸੀ ਧਾਹੀਂ ਮਾਰ, ਮੁੜ ਕੇ ਨਾ ਗਏ ਪੁੱਤਰ ਘਰੀਂ ਮਾਤਮ ਛਾ ਗਏ।
ਖੰਡੇ ਧਾਰ ਪਾਹੁਲ ਦੇ ਪਿਆਕ ਖ਼ਾਲਸੇ ਨੂੰ ਜਿਸ, ਜਦੋਂ ਜਦੋਂ ਪਾਈ ਦੁਹਾਈ ਅਣਖ ਆਣ ਦੀ।
ਗੱਜਿਆ ਤੇ ਕੁੱਦਿਆ ਜਾ ਤੁਰਤ ਰਣ-ਖੇਤਰ ਵਿਚ, ਪਲਾਂ ਵਿਚ ਵਿਗੜੀ ਸੰਵਾਰੀ ਹਿੰਦੁਸਤਾਨ ਦੀ। ੩।

ਖ਼ਾਲਸੇ ਦੀ ਸਾਜਨਾ ਜੇ ਕਰਦੇ ਨਾ ਦਸਮੇਸ਼ ਗੁਰੂ, ਕਾਫ਼ਰਾਂ ਮਲੇਛਾਂ ਦਾ ਹਰ ਪਾਸੇ ਫ਼ੁਰਮਾਨ ਹੁੰਦਾ।
ਚੋਟੀ ਅਤੇ ਬੋਦੀ ਦਾ ਨਿਸ਼ਾਨ ਨਹੀਂ ਲੱਭਣਾ ਸੀ, ਭਾਰਤ ਦਾ ਹਰ ਇਕ ਬੰਦਾ ਮੁਸਲਮਾਨ ਹੁੰਦਾ।
ਹਰ ਪਾਸੇ ਮਸਜਦਾਂ ਤੇ ਦਿਸਦੀਆਂ ਈਦਗਾਹਾਂ, ਕੋਈ 'ਅੱਲਾ ਦੀਨ' ਕੋਈ ਅਬਦੁੱਲਾ ਖ਼ਾਨ ਹੁੰਦਾ।
ਵੇਦ ਤੇ ਪੁਰਾਣ ਹਿੰਦੂ ਸੰਸਕ੍ਰਿਤੀ ਲੋਪ ਹੁੰਦੀ, ਗਰੰਥਾਂ ਵਾਲੀ ਥਾਂ 'ਮਿੱਤਰ' ਬਗਲ ਵਿਚ ਕੁਰਾਨ ਹੁੰਦਾ।
ਮੰਦਰ ਸ਼ਿਵਾਲਿਆਂ ਤੇ ਘੰਟੇ ਕਦੀ ਖੜਕਦੇ ਨਾ, ਹਰ ਪਾਸੇ 'ਵਾਜ ਹੁੰਦੀ 'ਅੱਲਾ ਸੁਬਹਾਨ ਦੀ'।
ਬਾਜ਼ੀ ਲਾ ਕੇ ਸਿਰਾਂ ਦੀ ਤੇ ਆਪਾ ਕੁਰਬਾਨ ਕਰ, ਖ਼ਾਲਸੇ ਨੇ ਵਿਗੜੀ ਸੰਵਾਰੀ ਹਿੰਦੁਸਤਾਨ ਦੀ। ੪।

.........

**ਪਾਠਕ ਸਜਣੋ !** ਬਾਰ ਬਾਰ ਬੇਨਤੀ ਹੈ ਕਿ ਚਿੱਠੀ ਪੱਤਰ ਤੇ ਮਨੀਆਰਡਰ ਭੇਜਣ ਲਗਿਆਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਤੁਹਾਡੇ ਪਰਚੇ ਉਤੇ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖਿਆ ਹੁੰਦਾ ਹੈ।

**ਪਰਚੇ ਗੁੰਮ—** ਹਰੇਕ ਪਾਠਕ ਦਾ 'ਸੂਰਾ' ਹਰ ਮਹੀਨੇ ਪਹਿਲੀ ਤਰੀਕ ਨੂੰ ਰਜਿਸਟਰ ਨਾਲ ਚੈਕ ਕਰਕੇ ਡਾਕੇ ਪਾਇਆ ਜਾਂਦਾ ਹੈ। ਕਈ ਪਰਚੇ ਰਾਹ ਵਿਚ ਗੁੰਮ ਕਰ ਲਏ ਜਾਂਦੇ ਹਨ। ਜਿਸ ਵੀਰ ਭੈਣ ਨੂੰ ਪਰਚਾ ਨਾ ਪਹੁੰਚੇ, ਉਸੇ ਮਹੀਨੇ ਦੇ ਅਧ ਵਿਚ ਸਾਨੂੰ ਕਾਰਡ ਪਾ ਦੇਵੇ, ਅਸੀਂ ਦੁਬਾਰਾ ਪਰਚਾ ਭੇਜ ਦਿੰਦੇ ਹਾਂ।



www.AKJ.Org

# ਹੋਲੀ ਕੀਨੀ ਸੰਤ ਸੇਵ

[ਵਲੋਂ—ਗਿਆਨੀ ਜਨਕ ਸਿੰਘ ਜੀ 'ਨਿਰਮਾਣ' ਸਿੱਖ ਮਿਸ਼ਨਰੀ]

ਅਰਬੀ ਫ਼ਾਰਸੀ ਦੇ ਸ਼ਬਦ ਹਨ ਹੋਲਾ ਮਹੱਲਾ, ਜਿਸ ਤੋਂ ਭਾਵ ਹੈ ਹਮਲਾ ਅਤੇ ਹਮਲੇ ਵਾਲੀ ਥਾਂ। ਹੋਲੀ ਦਾ ਤਿਉਹਾਰ ਇਕ ਪੁਰਾਣਾ ਮੌਸਮੀ ਖੁਸ਼ੀ ਅਤੇ ਹਾਸੇ ਖੇਡ ਦਾ ਤਿਉਹਾਰ ਹੈ, ਜੋ ਬਸੰਤ ਰੁੱਤ ਦੇ ਪੂਰੇ ਜੋਬਨ ਨੂੰ ਪ੍ਰਗਟ ਕਰਦਾ ਹੈ। ਇਸ ਦਿਹਾੜੇ ਨਾਲ ਇਕ ਇਹ ਸਾਖੀ,ਅਥਵਾ ਘਟਨਾ ਭੀ ਸ਼ਾਮਲ ਹੈ ਕਿ ਪ੍ਰਹਿਲਾਦ ਦੀ ਭੂਆ ਢੂੰਢਾ (ਹੋਲਿਕਾ)ਸ਼ਿਵ ਦੇ ਵਰਦਾਨ ਕਰਕੇ ਅੱਗ ਵਿਚ ਭਸਮ ਨਹੀਂ ਹੋ ਸਕਦੀ ਸੀ। "ਹਿਰ ਨਾਕਸ਼" ਨੇ ਪ੍ਰਹਿਲਾਦ ਨੂੰ ਢੂੰਢਾ ਦੀ ਗੋਦ ਵਿਚ ਬਿਠਾ ਕੇ ਕਾਠ ਦੇ ਢੇਰ ਨੂੰ ਅੱਗ ਲਾ ਦਿਤੀ, ਪ੍ਰਮਾਤਮਾ ਦੀ ਕਿਰਪਾ ਨਾਲ ਪ੍ਰਹਿਲਾਦ ਬਚ ਗਿਆ, ਪਰ ਢੂੰਢਾ ਸੜ ਗਈ। ਸੋ ਹਿੰਦੂ ਪੂਰਨਮਾਸ਼ੀ ਵਾਲੇ ਦਿਨ ਦੁਸ਼ਟਾਤਮਾ ਢੂੰਢਾ ਦੀ ਚਿਤਾ ਦੀ ਨਕਲ ਬਣਾ ਕੇ ਸਾੜਦੇ ਅਰ ਉਸ ਦੀ ਸੁਆਹ ਉਡਾਉਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਭੀ ਸਚ ਦੇ ਪ੍ਰਤੀਕ ਭਗਤ ਪ੍ਰਹਿਲਾਦ ਦੀ ਜਿਤ, ਅਥਵਾ, ਭਗਤ ਪ੍ਰਹਿਲਾਦ ਤੇ ਉਹਦੇ ਪਿਤਾ ਹਿਰ-ਨਾਕਸ਼ ਦੀ ਕਥਾ ਤੋਂ ਵਿਸ਼ਵ ਵਿਆਪੀ ਸਚਾਈ ਸਾਹਵੇਂ ਆਉਂਦੀ ਹੈ ਕਿ ਸਚ ਨੂੰ ਖਤਮ ਨਹੀਂ ਕੀਤਾ ਜਾ ਸਕਦਾ। ਗੁਰ ਹੁਕਮ ਹੈ :-

ਹਰਣਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ ॥ (ਆਸਾ ਮ: ੪ ਛੰਤ)

ਅਨੇਕਾਂ ਤਸੀਹੇ ਖਿੜੇ ਮਿਥੇ ਭਗਤ ਜੀ ਨੇ ਕਬੂਲ ਕਰਨ ਤੋਂ ਉਪ੍ਰੰਤ ਵਿਜੇ ਪ੍ਰਾਪਤ ਕੀਤੀ। ਇਸ ਤਿਉਹਾਰ ਨੂੰ ਅਸਲੀ ਰੰਗਤ ਦੇਣ ਦੀ ਬਜਾਇ ਇਸ ਦੀ ਗਲਤ ਤਰੀਕੇ ਨਾਲ ਲੋਕੀਂ ਵਰਤੋਂ ਕਰਨ ਲਗ ਪਏ ਸਨ, ਜਿਵੇਂ ਕਿ ਇਕ ਦੂਸਰੇ ਤੇ ਗੰਦ ਮੰਦ ਸੁੱਟਣਾ, ਉਸ ਦੀ ਨਿਰਾਦਰੀ ਕਰਨੀ ਆਦਿ। ਪ੍ਰੰਤੂ ਦਸਵੇਂ ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਸ ਤਿਉਹਾਰ ਨੂੰ ਨਵੀਂ ਸ਼ਕਲ ਦਿਤੀ ਅਤੇ ਪੁਰਾਣੀਆਂ ਲੀਹਾਂ ਛਡ ਕੇ ਨਵੀਆਂ ਲੀਹਾਂ ਉਤੇ ਤੁਰਨ ਵਾਲੇ ਇਨਕਲਾਬੀ ਸਮਾਜ-ਸੁਧਾਰ ਸਤਿਗੁਰੂ ਜੀ ਨੇ ਹੋਲੀ ਦੇ ਸਾਤੇ ਦੇ ਖਾਤਮੇ ਉਤੇ, ਭਾਵ ਚੇਤ ਵਦੀ ਇਕ ਸੰਮਤ ੧੭੫੭ ਨੂੰ ਹੋਲਾ ਮਹੱਲਾ ਖੇਡਣ ਦੀ ਰੀਤ ਚਲਾਈ ਅਤੇ ਚੜ੍ਹਦੀਆਂ ਕਲਾ ਵਿਚ ਰਹਿਣ ਵਾਲੇ ਸਤਿਗੁਰੂ ਨੇ ਇਸ ਨੂੰ 'ਹੋਲੀ' ਦੀ ਥਾਂ 'ਹੋਲਾ' ਨਾਂ ਦਿਤਾ। ਕਵੀ ਨਿਹਾਲ ਸਿੰਘ ਜੀ ਨੇ ਇਕ ਛੰਦ ਵਿਚ ਇਸ ਤਰ੍ਹਾਂ ਲਿਖਿਆ ਹੈ :-

ਬਰਛਾ ਢਾਲ ਕਟਾਰਾ ਤੇਗਾ ਕੜਛਾ ਦੇਗਾ ਗੋਲਾ ਹੈ। ਛਕਾ ਪ੍ਰਸਾਦਿ ਸਜਾ ਦਸਤਾਰਾ ਅਰ ਕਰ ਦੇਨ ਟੋਲਾ ਹੈ।
ਸੁਭਟ ਸੁਚਾਲਾ ਅਰੁ ਲਖ-ਬਾਹਾ, ਕਲਗਾ ਸਿੰਘ ਸਚੋਲਾ ਹੈ।ਅਪਰ ਮੁਛਹਿਰਾ ਦਾੜ੍ਹਾ ਜੈਸੇ, ਤੈਸੇ ਬੋਲਾ ਹੋਲਾ ਹੈ।

ਉਹਨੀਂ ਦਿਨੀ ਹੀ ਗੁਰੂ ਜੀ ਦਾ ਇਕ ਨਵਾਂ ਕਿਲ੍ਹਾ ਤਿਆਰ ਹੋਇਆ ਸੀ। ਇਸ ਦਾ ਨਾਂ ਹੋਲਗੜ੍ਹ ਰਖਿਆ ਗਿਆ। ਅਤੇ ਸਦਾ ਲਈ ਹੋਲੇ ਨਾਲ ਸੰਬੰਧਤ ਕੀਤਾ ਗਿਆ। ਇਸੇ ਥਾਂ ਚੇਤ ਵਦੀ ਇਕ ਸੰਮਤ ੧੭੫੭ ਬਿਕਰਮੀ ਨੂੰ ਦੀਵਾਨ ਸਜਾ ਕੇ ਹੋਲਾ ਮਹੱਲਾ ਖੇਡਣ ਦੀ ਰੀਤ ਚਲਾਈ। ਸ੍ਰੀ ਅਨੰਦਪੁਰ ਸਾਹਿਬ ਚਾ ਕਿਲ੍ਹਾ ਹੋਲਗੜ੍ਹ ਇਸ ਦਿਨ ਦੀ ਯਾਦ ਹੁਣ ਵੀ ਦਿਵਾਉਂਦਾ ਹੈ ਕਿ ਅਜ ਦੇ ਪਵਿਤਰ ਸ਼ੁਭ ਦਿਹਾੜੇ ਤੇ ਸ੍ਰੀ ਦਸਮੇਸ਼ ਪਿਤਾ ਜੀ ਖਾਲਸੇ ਨੂੰ ਸ਼ਸਤਰ ਅਤੇ ਯੁਧ ਵਿਦਿਆ ਵਿਚ ਨਿਪੁੰਨ ਕਰਨ ਲਈ ਦੋ ਫੌਜਾਂ ਬਣਾ ਕੇ ਚੰਗੇ ਮੁਖੀ ਸਿਆਣੇ ਸਿੰਘਾਂ ਦੀ ਨਿਗਰਾਨੀ ਹੇਠ ਇਕ ਖਾਸ ਥਾਂ ਤੇ ਹਮਲਾ ਕਰਾਉਂਦੇ। ਮਸਨੂਈ (ਬਣਾਵਟੀ) ਲੜਾਈ ਲੜੀ ਜਾਂਦੀ। ਦੋਹਾਂ ਪਾਸਿਆਂ ਦੀਆਂ ਫੌਜਾਂ ਨੂੰ ਸ਼ੁਭ ਸਿਖਿਆ ਦੇ ਕੇ ਉਹਨਾਂ ਦੀ ਹੌਸਲਾ-ਅਫਜ਼ਾਈ ਲਈ ਦੀਵਾਨਾਂ ਵਿਚ ਉਹਨਾਂ ਨੂੰ ਸਰੋਪਾਉ ਬਖਸ਼ੇ ਜਾਂਦੇ। ਅੱਜ ਕਲ੍ਹ ਵੀ ਹੋਲੇ ਵਾਲੇ ਦਿਨ ਪੰਜ ਪਿਆਰੇ ਸਾਹਿਬਾਨ ਕਿਲ੍ਹਾ ਅਨੰਦਪੁਰ ਤੋਂ ਅਰਦਾਸ ਕਰ ਕੇ ਨਿਸ਼ਾਨ ਸਾਹਿਬ ਲੈ ਕੇ ਮਹੱਲੇ (ਜਲੂਸ) ਦੀ ਸ਼ਕਲ ਵਿਚ ਚੜ੍ਹਦੇ ਹਨ। ਉਨ੍ਹਾਂ ਨਾਲ ਤਰਨਾ ਦਲ ਅਤੇ ਬੁਢਾ ਦਲ ਦੇ ਨਿਹੰਗ ਸਿੰਘ ਘੋੜਿਆਂ ਤੇ ਊਠਾਂ ਤੇ ਸਵਾਰ ਨਗਾਰੇ ਵਜਾਉਂਦੇ, ਜੈਕਾਰੇ ਗਜਾਂਦੇ, ਗੁਲਾਲ ਛਿੜਕਦੇ ਇਕ ਅਨੋਖੇ ਉਤਸ਼ਾਹ ਨਾਲ ਦੌੜਦੇ ਉਛਲਦੇ ਹਨ।



www.AKJ.Org

ਨਗਾਰਿਆਂ ਤੇ ਬੈਂਡ ਵਾਜਿਆਂ ਦੀਆਂ ਸੁਰਾਂ ਤੇ ਆਵਾਜ਼ਾਂ ਸਮੇਤ 'ਹੋਲਗੜ੍ਹ' ਕਿਲ੍ਹੇ ਤੋਂ ਹੁੰਦੇ ਚਰਨ ਗੰਗਾ ਦੇ ਰੇਤਲੇ ਮੈਦਾਨ ਵਿਚ ਪੁਜਦੇ ਹਨ। ਉਥੇ ਨੇਜ਼ੇਬਾਜ਼ੀ, ਘੋੜ-ਦੌੜ, ਗਤਕਾ ਅਤੇ ਹੋਰ ਸ਼ਸਤਰਾਂ ਦੇ ਅਨੇਕ ਕਰਤਵ ਵਿਖਾਏ ਜਾਂਦੇ ਹਨ। ਸ਼ਾਮ ਨੂੰ ਤਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਵਿਖੇ ਪਹੁੰਚ ਕੇ ਹੋਲੇ ਮਹੱਲੇ ਦੀ ਸਮਾਪਤੀ ਦਾ ਅਰਦਾਸਾ ਕੀਤਾ ਜਾਂਦਾ ਹੈ।

ਜਿਥੇ ਸਤਿਗੁਰੂ ਜੀ ਨੇ ਬੀਰ-ਰਸੀ ਖੇਡਾਂ ਖੇਡੀਆਂ ਉਥੇ ਨਾਮ-ਰਸ ਦੀਆਂ ਪ੍ਰੇਮ-ਹੋਲੀਆਂ ਨੂੰ ਛਿਨ ਭਰ ਭੀ ਓਹਲੇ ਨਹੀਂ ਕੀਤਾ। ਵਰ੍ਹਦੀਆਂ ਗੋਲੀਆਂ ਤੇ ਤੀਰਾਂ ਦੀ ਵਰਖਾ ਵਿਚ ਅੰਮ੍ਰਿਤ ਵੇਲੇ ਦੇ ਕੀਰਤਨ ਦੇ ਅਨੰਦ-ਭੰਡਾਰੇ ਵਰਤਾਂਦੇ ਰਹੇ।

ਕਲਗੀਧਰ ਜੀ ਦੇ ਅਨਿੰਨ ਸੇਵਕ ਤੇ ਅਰਬੀ ਫ਼ਾਰਸੀ ਦੇ ਮਹਾਨ ਵਿਦਵਾਨ ਭਾਈ ਨੰਦ ਲਾਲ ਸਿੰਘ ਜੀ 'ਗੋਯਾ' ਇਕ ਗ਼ਜ਼ਲ ਵਿਚ ਨਾਮ-ਰੰਗ ਦੀਆਂ ਹੋਲੀਆਂ ਖੇਡਦੇ ਹੋਏ ਸਤਿਗੁਰੂ ਦੇ ਚਰਨਾਂ ਤੋਂ ਕੁਰਬਾਨ ਹੋ ਹੋ ਪੈਂਦੇ ਹਨ। ਗ਼ਜ਼ਲ ਦਾ ਪਹਿਲਾ ਬੰਦ ਹੈ—

ਗੁਲਿ ਹੋਲੀ ਬਬਾਗ਼ਿ ਦਹਰ ਬੂ ਕਰਦ ॥ ਲਬਿ ਚੂੰ ਗੁੰਚਾ ਰਾ ਫ਼ਰਖੰਦਾ ਖ਼ੂ ਕਰਦ ॥੧॥

ਆਪ ਇਸ ਗ਼ਜ਼ਲ ਵਿਚ ਬਿਆਨ ਕਰਦੇ ਹਨ ਕਿ ਨਾਮ ਦੀ ਰੰਗ-ਰਤੜੀ ਦਸ਼ਾ ਵਿਚ ਜਦੋਂ "ਅੰਦਰੁ ਮੁਸਕਿ ਝਕੋਲਿਆ ਕੀਮਤਿ ਕਹੀ ਨ ਜਾਇ" ਅੰਦਰਲਾ ਮੁਸ਼ਕਦਾ ਹੈ ਤਾਂ ਉਸ ਦੀ ਸੁਗੰਧੀ ਦਾ ਖਿਲਾਰ ਦੂਰਾਂ ਦੂਰਾਂ ਤਕ ਵਾਸ਼ਨਾ ਹੀ ਵਾਸ਼ਨਾ ਕਰ ਦਿੰਦਾ ਹੈ। ਇਸ ਨਾਮ-ਹੋਲੀ ਦੇ ਫੁੱਲ ਦੀ ਸੁਗੰਧੀ ਗੁਲਾਬ, ਅੰਬਰ, ਕਸਤੂਰੀ ਆਦਿ ਸੁਗੰਧੀਆਂ ਵਾਂਗ ਹਰ ਪਾਸੇ ਖ਼ੁਸ਼ਬੂ ਹੀ ਖ਼ੁਸ਼ਬੂ ਖਿਲਾਰ ਦਿੰਦੀ ਹੈ। ਸਤਿਗੁਰੂ ਨਾਮ-ਰੰਗ ਦੀਆਂ ਪਿਚਕਾਰੀਆਂ ਮਾਰ ਕੇ ਖੁਸ਼ਕ ਤੇ ਸੁੰਞੀਆਂ ਰੂਹਾਂ ਨੂੰ ਨਾਮ-ਰੰਗ ਦੇ ਖੇੜੇ ਵਿਚ ਖਿੜਾ ਕੇ ਮਹਿਕਾ ਦਿੰਦਾ ਹੈ।

ਚੌਥੇ ਬੰਦ ਵਿਚ ਗੋਯਾ ਜੀ ਦਸਦੇ ਹਨ ਕਿ ਸਤਿਗੁਰੂ ਜੀ ਦੇ ਪਾਵਨ ਕਰ-ਕਮਲਾਂ ਤੋਂ ਨਾਮ-ਹੋਲੀ ਦੀਆਂ ਚਲਾਈਆਂ ਪਿਚਕਾਰੀਆਂ ਨਾਲ ਸਰਸ਼ਾਰ ਹੋਏ ਗੁਰਸਿਖਾਂ ਦੇ ਨੈਣ ਐਸੇ ਰੰਗ-ਰੰਗਾਰੇ ਜਾਂਦੇ ਹਨ ਕਿ ਉਨ੍ਹਾਂ ਨੂੰ ਧਰਤੀ ਤੋਂ ਪੁਲਾੜ ਤਾਈਂ ਨਾਮ ਦੀਆਂ ਲਾਲੀਆਂ ਤੇ ਸੁਗੰਧੀਆਂ ਦਾ ਪਸਾਰਾ ਹੀ ਪਸਰਿਆ ਜਾਪਦਾ ਹੈ। ਫਿਰ ਪੰਜਵੇਂ ਬੰਦ ਵਿਚ ਆਪ ਜੀ ਨੇ ਇਹ ਭਾਵ ਪ੍ਰਗਟਾਇਆ ਹੈ ਕਿ ਨਾਮ ਦੇ ਸੋਮੇ ਕਲਗੀਧਰ ਪਾਤਸ਼ਾਹ ਜੀ ਨੇ ਜਦੋਂ ਹੋਲੇ ਮਹੱਲੇ ਸਮੇਂ ਕਲਗੀ-ਜਿਗਾ ਵਾਲਾ ਜਾਮਾ ਜ਼ੇਬ-ਤਨ ਕੀਤਾ ਅਤੇ ਸ਼ਸਤਰ ਬਸਤਰ ਸਜਾਏ ਤਾਂ ਇਸ ਦੇ ਜਲੌ ਤੇ ਤੇਜ ਪ੍ਰਤਾਪ ਨਾਲ ਦੀਨ-ਦੁਨੀਆ ਦੋਵੇਂ ਜਹਾਨ ਜਗਮਗਾ ਉਠੇ। ਦੋ ਜਹਾਨਾਂ ਦੇ ਵਾਲੀ ਸਤਿਗੁਰੂ ਤਰੁੱਠ ਕੇ ਜਦੋਂ ਕਿਸੇ ਤੇ ਮਿਹਰਾਂ ਦੀਆਂ ਨਜ਼ਰਾਂ ਪਾਉਂਦੇ ਹਨ ਤਾਂ ਉਸ ਨੂੰ ਅੰਤਰ ਬਾਹਰ ਖੰਡਾਂ ਬ੍ਰਹਿਮੰਡਾਂ ਵਿਚ ਪਸਰ ਰਹੀ ਅਕਾਲੀ ਜੋਤਿ ਦੇ ਦਰਸ਼ਨ ਪ੍ਰਾਪਤ ਹੋ ਜਾਂਦੇ ਹਨ। ਭਾਈ ਨੰਦ ਲਾਲ ਸਿੰਘ ਜੀ ਉਸ ਮਿਹਰਵਾਨ ਦ੍ਰਿਸ਼ਟੀ ਵਾਲੇ ਸਾਹਿਬ ਦੀਆਂ ਸੰਗਤਾਂ ਦੀ ਧੂੜੀ ਤੋਂ ਵਾਰਨੇ ਬਲਿਹਾਰਨੇ ਜਾਂਦੇ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਸਾਹਿਬ ਗੁਰੂ ਅਰਜਨ ਦੇਵ ਜੀ ਇਸ ਨਾਮ-ਰੰਗ ਦੀ ਹੋਲੀ ਖੇਡ ਕੇ ਸਿਖ-ਸੰਗਤਾਂ ਨਾਲ ਅਨੰਦ ਮਾਣਦੇ ਹੋਏ ਫ਼ੁਰਮਾਉਂਦੇ ਹਨ—

ਗੁਰੁ ਸੇਵਉ ਕਰਿ ਨਮਸਕਾਰ ॥ ਆਜੁ ਹਮਾਰੈ ਮੰਗਲਚਾਰ ॥
ਆਜੁ ਹਮਾਰੈ ਮਹਾ ਅਨੰਦ ॥ ਚਿੰਤ ਲਥੀ ਭੇਟੇ ਗੋਬਿੰਦ ॥੧॥
ਆਜੁ ਹਮਾਰੈ ਗ੍ਰਿਹਿ ਬਸੰਤ ॥ ਗੁਨ ਗਾਏ ਪ੍ਰਭ ਤੁਮ ਬੇਅੰਤ ॥੧॥ਰਹਾਉ॥
ਆਜੁ ਹਮਾਰੈ ਬਨੇ ਫਾਗ ॥ ਪ੍ਰਭ ਸੰਗੀ ਮਿਲਿ ਖੇਲਨ ਲਾਗ ॥
ਹੋਲੀ ਕੀਨੀ ਸੰਤ ਸੇਵ ॥ ਰੰਗੁ ਲਾਗਾ ਅਤਿ ਲਾਲ ਦੇਵ ॥੨॥ [ਪੰਨਾ ੧੧੮੦

ਅਸਲੀ ਹੋਲੀ ਦਸਾਂ ਸਤਿਗੁਰਾਂ ਦੀ ਸਿਖਿਆ ਅਤੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਪੜ੍ਹਨੀ ਤੇ ਵਿਚਾਰਨੀ, ਹੋਰਨਾਂ ਨੂੰ ਸਿਖਾਉਣੀ, ਸਰਬੱਤ ਦਾ ਭਲਾ ਮੰਗਣਾ ਅਤੇ ਸੰਤਾਂ ਦੀ ਸੇਵਾ ਕਰਨੀ, ਇਹੋ ਅਸਲੀ ਹੋਲੀ ਹੈ। ਸੋ ਸਤਿਗੁਰੂ ਪਾਤਸ਼ਾਹ ਨੇ ਇਹ ਤਿਉਹਾਰ ਬੀਰ-ਰਸੀ ਕੌਤਕਾਂ ਤੇ ਨਾਮ-ਰੰਗਾਂ ਵਿਚ ਮਨਾਉਣ ਦੇ ਹੀ ਪੂਰਨੇ ਪਾਏ ਹਨ, ਜਿਨ੍ਹਾਂ ਤੇ ਤੁਰ ਕੇ ਅਸੀਂ ਆਪਣੇ ਲੋਕ ਪਰਲੋਕ ਸੰਵਾਰ ਸਕਦੇ ਹਨ।

www.AKJ.Org

# ਮੇਰਾ ਮਨੁ ਦਇਆਲ ਸੇਤੀ ਥਿਰੁ ਨ ਰਹੈ

ਗੁਰਦੁਆਰਾ ਪਿਪਲੀ ਸਾਹਿਬ ਸ੍ਰੀ ਅੰਮ੍ਰਿਤਸਰ ਵਿਖੇ ਪਹਿਲੀ ਫ਼ਰਵਰੀ ਸ਼ਾਮ ਨੂੰ ਮਾਹਵਾਰੀ ਦੀਵਾਨ ਸਜਿਆ। ਗੁਰਦੁਆਰਾ-ਅਸਥਾਨ ਵਿਖੇ ਸੰਗਤਾਂ ਢਕਾ ਢਕ ਸਜੀਆਂ ਹੋਈਆਂ ਸਨ। ਗੁਰੂ ਕੇ ਕੀਰਤਨੀਏ ਸ਼ਬਦ ਦੀ ਹਾਜ਼ਰੀ ਭਰ ਰਹੇ ਸਨ.। ਪਿਛਲੇ ਵਕਤ ਵਿਚ ਇਕ ਪਿਆਰੇ ਨੇ "ਮੇਰਾ ਮਨੁ ਦਇਆਲ ਸੇਤੀ ਥਿਰੁ ਨ ਰਹੈ" ਤੋਂ ਕੀਰਤਨ ਦਾ ਅਰੰਭ ਕੀਤਾ। ਸਤਿਗੁਰੂ ਪਾਤਸ਼ਾਹ ਦੀ ਹਜ਼ੂਰੀ, ਗੁਰਸਿਖ ਸੰਗਤਾਂ ਦੀਆਂ ਸੁਰਤੀਆਂ ਦਾ ਟਿਕਾਅ, ਸੁੰਦਰ ਗੁਰ-ਅਸਥਾਨ ਦਾ ਪ੍ਰਭਾਵ, ਸੰਝ ਦਾ ਸੁਹਾਵਣਾ ਸਮਾਂ, ਐਸੀ ਗੁਰੂ ਕੀ ਕਲਾ ਵਰਤੀ ਕਿ ਕੀਰਤਨ ਦੀ ਰਸ-ਲੀਨਤਾ ਵਿਚ, ਕੀਰਤਨ-ਧੁਨੀ ਦੀ ਗੂੰਜ ਤੋਂ ਬਿਨਾਂ ਸੱਨਾਟਾ ਜਿਹਾ ਤਾਰੀ ਹੋ ਗਿਆ, ਉਸ ਸਮੇਂ ਜੋ ਰੰਗ-ਰਸ ਸੰਗਤਾਂ ਨੇ ਮਾਣਿਆ ਉਹ ਤਾਂ ਬਿਆਨ ਨਹੀਂ ਕੀਤਾ ਜਾ ਸਕਦਾ। ਪਰ ਇਸ ਪ੍ਰਕਰਣ ਵਿਚ ਜਿਨ੍ਹਾਂ ਸ਼ਬਦਾਂ ਦਾ ਕੀਰਤਨ ਹੋਇਆ, ਉਨ੍ਹਾਂ ਦਾ ਸੰਖੇਪ ਭਾਵ ਇਥੇ ਦੇ ਕੇ ਉਹ ਸ਼ਬਦ ਦਿਤੇ ਜਾ ਰਹੇ ਹਨ।

ਪਹਿਲੇ ਸ਼ਬਦ ਵਿਚ ਮਨ ਦੀ ਇਹ ਅਵਸਥਾ ਦੱਸੀ ਗਈ ਕਿ ਇਹ ਮਨ ਲੋਭੀ ਹੈ, ਕਪਟੀ ਹੈ, ਪਾਪੀ ਹੈ, ਪਾਖੰਡੀ ਹੈ ਅਤੇ ਮਾਇਕ ਰੁਚੀਆਂ ਵਿਚ ਹੀ ਲਗਾ ਰਹਿੰਦਾ ਹੈ, ਪਰ ਦਇਆਲ-ਪ੍ਰਭੂ ਨਾਲ ਪ੍ਰੀਤੀ ਨਹੀਂ ਪਾਂਦਾ ਅਤੇ ਨਾ ਹੀ ਪ੍ਰਭੂ-ਸਿਮਰਨ ਦੇ ਮਾਹੌਲ ਵਿਚ ਟਿਕਦਾ ਹੈ। ਕਾਰਨ ਇਹੋ ਹੈ ਕਿ ਮਨ ਅੰਦਰ ਕਾਮਾਦਿਕ ਪੰਜਾਂ ਠੱਗਾਂ ਦਾ ਵਾਸਾ ਹੈ, ਜੋ ਇਸ ਨੂੰ ਭਟਕਾਈ ਫਿਰਦੇ ਹਨ ਅਤੇ ਉਹ ਪ੍ਰਭੂ-ਚਰਨਾਂ ਵਿਚ ਜੁੜਨ ਨਹੀਂ ਦੇਂਦੇ। ਸਾਡੇ ਸਾਰੇ ਸ਼ਿੰਗਾਰ ਤਦੋਂ ਹੀ ਲੇਖੇ ਪੈ ਸਕਦੇ ਹਨ ਜੇ ਦਇਆਲ ਪ੍ਰੀਤਮ ਜੀ ਨਾਲ ਬਣ ਆਵੇ। ਇਸ ਜੀਵਾਤਮਾ ਦੇ ਸਾਥੀ ਪੰਜ ਗਿਆਨ-ਇੰਦਰੇ ਹਨ ਅਤੇ ਉਹ ਆਪਣੀ ਅਨਗਹਿਲੀ ਨੂੰ ਓਦੋਂ ਰੋਣਗੇ ਜਦੋਂ ਜੀਵਾਤਮਾ ਪ੍ਰਭੂ-ਪ੍ਰੀਤਮ ਦੀ ਹਜ਼ੂਰੀ ਵਿਚ ਲੇਖਾ ਦੇਣ ਲਈ ਫੜਿਆ ਹੋਇਆ ਜਾਵੇਗਾ।.

ਦੂਜੇ ਸ਼ਬਦ ਵਿਚ ਇਹ ਪ੍ਰਗਟ ਕੀਤਾ ਗਿਆ ਕਿ ਸਭ ਪਾਸੇ ਬਸੰਤ-ਆਗਮਨ ਮਨਾਏ ਜਾ ਰਹੇ ਹਨ, ਬਸੰਤ ਰਾਗ ਅਲਾਪੇ ਜਾ ਰਹੇ ਹਨ, ਬਸੰਤ ਰੁੱਤ ਦੇ ਖੇੜੇ ਦੀਆਂ ਉਡੀਕਾਂ ਹੋ ਰਹੀਆਂ ਹਨ, ਪਰ ਇਹ ਸਾਡਾ ਮਨ ਹੈ ਜਿਸ ਤੇ ਬਸੰਤ ਦਾ ਕੋਈ ਅਸਰ ਨਹੀਂ ਹੁੰਦਾ। ਇਹ ਮਨ ਖੇੜੇ ਵਿਚ ਆਉਣ ਦੀ ਥਾਂ ਦੁਬਿਧਾ ਦਵੈਤ ਵਿਚ ਸੜ ਰਿਹਾ ਹੈ, ਧੰਧਿਆਂ ਵਿਚ ਫਸਿਆ ਹੋਇਆ ਭਾਤ ਭਾਂਤ ਦੇ ਕਰਮ ਕਰ ਰਿਹਾ ਹੈ ਅਤੇ ਮਾਇਆ ਦਾ ਠਗਿਆ ਹੋਇਆ ਵਿਲਕਦਾ ਪਿਆ ਹੈ। ਬਸੰਤ ਦਾ ਖੇੜਾ ਤੇ ਤਾਂ ਹੀ ਹੋ ਸਕਦਾ ਹੈ ਜੇ ਪ੍ਰਭੂ-ਸਿਮਰਨ ਕੀਤਾ ਜਾਏ, ਪ੍ਰਭੂ-ਭਗਤੀ ਕੀਤੀ ਜਾਏ। ਇਹ ਮਨ ਇਹਨਾਂ ਜੰਜਾਲਾਂ ਤੋਂ ਛੁਟ ਕੇ, ਤਾਂ ਹੀ ਪ੍ਰਭੂ-ਭਗਤੀ ਵਿਚ ਲਗ ਸਕਦਾ ਹੈ ਜੇ ਪੂਰੇ ਸਤਿਗੁਰੂ ਦੇ ਲੜ ਲਗ ਕੇ ਗੁਰ-ਦੀਖਿਆ ਪ੍ਰਾਪਤ ਕਰੇ। ਗੁਰ-ਦੀਖਿਆ ਦੀ ਕਮਾਈ ਨਾਲ ਹੀ ਜਮਕਾਲ ਦੀਆਂ ਚੋਟਾਂ ਤੋਂ ਬਚ ਸਕੀਦਾ ਹੈ। ਗੁਰ-ਸ਼ਬਦ ਦੀ ਕਮਾਈ ਕਰਕੇ ਸਤਿਗੁਰੂ ਇਸ ਮਨ ਨੂੰ ਮਾਇਆ ਦੇ ਮੋਹ ਤੋਂ ਛੁਡਾ ਕੇ ਜਨਮ-ਮਰਨ ਦੇ ਗੇੜ ਤੋਂ ਬਚਾ ਲੈਂਦਾ ਹੈ।

ਤੀਜੇ ਸ਼ਬਦ ਵਿਚ ਦਸਿਆ ਹੈ ਕਿ ਇਸ ਮਨ ਨੂੰ ਤਾਂ ਜਨਮ-ਜਨਮਾਂਤਰਾਂ ਦੇ ਕੁਕਰਮਾਂ ਦੀ ਮੈਲ ਲਗੀ ਹੋਈ ਹੈ ਅਤੇ ਇਤਨਾ ਕਾਲਾ ਹੋਇਆ ਪਿਆ ਹੈ ਜਿਤਨੀ ਕਿ ਤੇਲੀ ਦੀ ਥਿੰਦੀ ਟਾਕੀ ਗੰਦੀ ਹੁੰਦੀ ਹੈ, ਜੋ ਅਨੇਕਾਂ ਵਾਰੀ ਧੋਣ ਤੇ ਵੀ ਸਾਫ ਨਹੀਂ ਹੁੰਦੀ। ਪਰ ਇਸ ਮੈਲੇ ਨੂੰ ਸਤਿਗੁਰੂ ਭੇਟਣ ਦੀ ਬਖਸ਼ਸ਼ ਹੋ ਜਾਵੇ ਤਾਂ ਇਸ ਦੀ ਮੱਤ ਬਦਲ ਜਾਂਦੀ ਹੈ ਅਤੇ ਮੈਲ ਕਟੀ ਜਾਂਦੀ ਹੈ। ਇਉਂ ਜਨਮ ਮਰਨ ਤੋਂ ਛੁਟਕਾਰਾ ਹੋ ਜਾਂਦਾ ਹੈ।

ਚੌਥੇ ਸ਼ਬਦ ਵਿਚ ਫਿਰ ਦਸਿਆ ਹੈ ਕਿ ਮਨ ਤਾਂ ਮਨਮੁਖੀ ਕਰਮਾਂ ਵਿਚ ਦਸੋਂ ਦਿਸਾਂ ਵਿਚ ਭਟਕਦਾ ਫਿਰਦਾ ਹੈ ਅਤੇ ਭਰਮਾਂ ਵਿਚ ਭੁਲਾਇਆ ਹੋਇਆ ਹੈ। ਨਿਤ ਨਵੀਆਂ ਤੋਂ ਨਵੀਆਂ ਆਸਾਂ ਚਿਤਵਦਾ ਰਹਿੰਦਾ



www.AKJ.Org

ਹੈ ਅਤੇ ਤ੍ਰਿਸ਼ਨਾ ਦੀ ਭੁਖ ਲਗੀ ਰਹਿੰਦੀ ਹੈ। ਬੇਅੰਤ ਧਨ ਧਰਤੀ ਵਿਚ ਦਬੀ ਫਿਰਦਾ ਹੈ, ਪਰ ਤ੍ਰਿਸ਼ਨਾ ਦੀ ਭੁਖ ਮਿਟਦੀ ਨਹੀਂ ਅਤੇ ਹੋਰ ਹੋਰ ਮਾਇਆ ਲਈ ਭਜਾ ਫਿਰਦਾ ਹੈ। ਸਤਿਗੁਰੂ ਤੋਂ ਨਾਮ ਦ੍ਰਿੜ੍ਹਾਏ ਤੋਂ ਬਿਨਾਂ, ਨਾਮ ਜਪੇ ਤੋਂ ਬਿਨਾਂ ਖਪ ਖਪ ਮਰਦਾ ਹੈ।

ਅਗਲੇ ਸ਼ਬਦ ਵਿਚ ਗੁਰੂ-ਪਿਆਰਿਆਂ ਅਗੇ ਦੁਹਾਈ ਪਾਈ ਗਈ ਹੈ ਕਿ ਇਸ ਭੌਂਦੇ-ਭਟਕਦੇ ਮਨ ਨੂੰ ਵਸ ਕਰਨ ਵਿਚ ਸਹਾਇਤਾ ਕਰੋ ਜੀ। ਇਸ ਮਨ ਦੀਆਂ ਨਿਤ ਨਵੀਆਂ ਆਸਾਂ ਕਰਕੇ ਇਹ ਜੀਵਨ ਦੁਖੀ ਹੋ ਰਿਹਾ ਹੈ। ਸੰਗਤ ਵਿਚ ਸਤਿਗੁਰੂ ਦੇ ਭੇਟਣ ਨਾਲ ਨਾਮ ਸਿਮਰਨ ਦੀ ਪ੍ਰਾਪਤੀ ਹੁੰਦੀ ਹੈ ਅਤੇ ਮਨ ਦੀਆਂ ਹੋਰ ਹੋਰ ਆਸਾਂ ਮਿਟ ਕੇ ਇਕ ਨਾਮ ਦੀ ਆਸ ਹੀ ਰਹਿ ਜਾਂਦੀ ਹੈ ਅਤੇ ਸੱਚੇ ਸੁਖ ਵਿਚ ਸਮਾਈ ਹੁੰਦੀ ਹੈ।

ਛੇਵੇਂ ਸ਼ਬਦ ਵਿਚ ਜ਼ਿਕਰ ਹੈ ਕਿ ਇਹ ਮਨ ਬਹੁਤ ਹੀ ਖੋਟਾ ਹੈ। ਇਸ ਦਾ ਭਰੋਸਾ ਕੀਤਾ ਹੀ ਨਹੀਂ ਜਾ ਸਕਦਾ। ਇਹ ਖਰਮਸਤੀਆਂ ਕਰਦਾ ਹੀ ਰਹਿੰਦਾ ਹੈ। ਖੋਤੇ ਦਾ ਪੈਖੜ ਓਦੋਂ ਹੀ ਖੋਲ੍ਹਿਆ ਜਾਂਦਾ ਹੈ ਜਦੋਂ ਉਸ ਉਤੇ ਕੋਈ ਭਾਰ ਲਦ ਲਿਆ ਜਾਂਦਾ ਹੈ। ਖੁਲ੍ਹਾ ਤੁਰਨ ਲਈ ਭਾਰ ਲਦ ਕੇ ਜਿਵੇਂ ਖੋਤੇ ਦਾ ਢੰਗਾ ਖੋਲ੍ਹ ਦੇਈਦਾ ਹੈ ਤਿਵੇਂ ਹੀ ਇਸ ਮਨ ਉਤੇ ਗੁਰ-ਸ਼ਬਦ ਦਾ ਲੱਦ ਲਦਿਆ ਜਾਵੇ, ਇਸ ਨੂੰ ਅਠੇ ਪਹਿਰ ਨਾਮ-ਸਿਮਰਨ ਵਿਚ ਜੋੜਿਆ ਜਾਵੇ ਤਾ ਫਿਰ ਇਸ ਮਨ ਨੂੰ ਬਸ਼ਕ ਖੁਲ੍ਹਾ ਛਡ ਦੇਵੋ, ਨਾਮ-ਸਿਮਰਨ ਦੀ ਬਦੌਲਤ ਇਹ ਖਰਮਸਤੀਆਂ ਕਰਨੋਂ ਹਟ ਜਾਵੇਗਾ। ਹਰ ਵੇਲੇ ਗੁਰ-ਸ਼ਬਦ-ਕਮਾਈ ਦਾ ਲੱਦ ਲਦਿਆ ਹੀ ਰਹਵੇ ਤਾਂ ਹੀ ਇਹ ਕਾਬੂ ਰਹਿੰਦਾ ਹੈ। ਨਹੀਂ ਤਾਂ ਇਸ ਤੋਂ ਉਲਟ, ਮਨ ਦੀ ਮੱਤ ਪਿਛੇ ਲਗ ਤੁਰਨ ਵਾਲੇ, ਬੜੇ ਬੜੇ ਨਾਮਵਰ ਜਪੀ ਤਪੀ ਵੀ ਬੁਰੀ ਤਰ੍ਹਾਂ ਡਿਗੇ ਅਤੇ ਮੋਹਣੀ ਮਾਇਆ ਦੇ ਜਾਲ ਵਿਚ ਫਸ ਕੇ ਨਰਕਾਂ ਦੇ ਵਾਸੀ ਬਣੇ। ਇਹ ਮਨ ਬੜਾ ਨਿਰਲਜ ਹੈ, ਸਿਮਰਨ ਵਿਚ ਲਗਣ ਨਹੀਂ ਦੇਂਦਾ ਅਤੇ ਸਾਰੇ ਕੀਤੇ ਹੋਏ ਜਪ ਤਪ ਸੰਜਮ ਇਕ ਛਿਨ ਵਿਚ ਹੀ ਨਾਸ ਕਰ ਦਿੰਦਾ ਹੈ, ਜਿਸ ਕਰਕੇ ਗਰਭ-ਜੂਨੀਆਂ ਦੇ ਦੁਖ ਸਹਿਣੇ ਪੈਂਦੇ ਹਨ। ਜਿਹੜਾ ਹਰੀ ਪ੍ਰਭੂ ਸੱਚਾ ਮਿੱਤਰ ਹੈ ਉਸ ਨਾਲ ਤਾਂ ਇਸ ਦੀ ਬਣ ਨਹੀਂ ਆਉਂਦੀ ਅਤੇ ਪੰਜਾਂ ਕਾਮ ਕ੍ਰੋਧ ਆਦਿਕਾਂ ਠਗਾਂ ਦੇ ਵਸ ਪੈ ਕੇ ਦੁਖ ਸਹੇੜਦਾ ਰਹਿੰਦਾ ਹੈ।

ਜਿਨ੍ਹਾਂ ਸਤ-ਪੁਰਸ਼ਾਂ ਨੇ ਆਪਣਾ ਮਨ ਵਸ ਕੀਤਾ ਹੋਵੇ ਅਤੇ ਆਪਣਾ ਤਨ ਮਨ ਸਭ ਕੁਝ ਪ੍ਰਭੂ-ਪ੍ਰਾਇਣ ਕਰ ਦਿਤਾ ਹੋਵੇ ਉਨ੍ਹਾਂ ਸੰਤਾਂ ਦੀ ਸਰਨ ਲੈਣ ਵਿਚ ਹੀ ਛੁਟਕਾਰਾ ਹੈ।

ਪਿਛਲੇ ਸ਼ਬਦ ਵਿਚ ਇਸ ਖੋਟੇ ਤੇ ਬੇਵਿਸਾਹੇ ਮਨ ਨੂੰ ਜਦੋਂ ਨਾਮ-ਸਿਮਰਨ ਦੇ ਲੱਦ ਨਾਲ ਲਦ ਲਿਆ ਤਾਂ ਇਸ ਦੀਆਂ ਮੌਜਾਂ ਬਣ ਗਈਆਂ। ਇਹ ਖਰਮਸਤੀਆਂ ਕਰਨੋਂ ਹਟ ਗਿਆ ਅਤੇ ਗੁਰ-ਸ਼ਬਦ-ਕਮਾਈ ਦੀਆਂ ਮੌਜਾਂ ਮਾਣਨ ਲਗਾ।

ਹੁਣ ਅਗਲੇ ਸ਼ਬਦ ਵਿਚ ਇਸ ਨਾਮ-ਰੰਗ ਵਿਚ ਰੰਗੀਜੇ ਮਨ ਨੂੰ ਇਕ ਰੰਗੀਲੇ ਘੋੜੇ ਵਾਂਗ ਬਿਆਨਿਆ ਹੈ। ਉਹ ਘੋੜਾ ਕਿਤੇ ਟਿਕ ਕੇ ਪੈਰ ਨਹੀਂ ਸੀ ਰਖਦਾ, ਉਸ ਦੇ ਮੂੰਹ ਵਿਚ ਨਾਮ-ਸਿਮਰਨ ਦੀ ਲਗਾਮ ਦੇ ਕੇ ਜੀਵਾਤਮਾ ਨੂੰ ਉਸ ਦਾ ਅਸਵਾਰ ਬਣਾ ਦਿਤਾ ਹੈ। ਮਨ ਨੂੰ ਨਾਮ-ਸਿਮਰਨ ਦੀ ਲਗਾਮ ਪਾ ਕੇ ਜੀਵਾਤਮਾ ਖੁਲ੍ਹੀਆਂ ਤਾਰੀਆਂ ਲਾਂਦਾ ਫਿਰਦਾ ਹੈ ਅਤੇ ਗਗਨ-ਮੰਡਲਾਂ ਵਿਚ ਦੌੜਾਈ ਫਿਰਦਾ ਹੈ। ਸਰਬੱਤ ਵਿਚ ਪ੍ਰਭੂ ਦੇ ਦਰਸ਼ਨ ਕਰਨ ਦੀ ਤਾਂ ਇਸ ਮਨ-ਘੋੜੇ ਉਤੇ ਕਾਠੀ ਪਾਈ ਹੈ ਅਤੇ ਸਹਿਜ-ਰੰਗ ਵਿਚ ਟਿਕਣਾ, ਇਹ ਉਸ ਕਾਠੀ ਦੀਆਂ ਪੈਰ ਟਿਕਾਣ ਵਾਲੀਆਂ ਰਕਾਬਾਂ ਹਨ। ਜੇ ਕਿਤੇ ਇਹ ਮਨ ਇਨ੍ਹਾਂ ਨਾਮ-ਉਡਾਰੀਆਂ ਵਿਚ ਉਡਣੋਂ ਅੜੀ ਕਰਨ ਲਗੇ ਤਾਂ ਉਸ ਨੂੰ ਪ੍ਰੇਮ-ਪਿਆਰ ਦੀ ਚਾਬਕ ਮਾਰ ਕੇ ਸਾਵਧਾਨ ਕਰ ਦਿਤਾ ਜਾਂਦਾ ਹੈ ਅਤੇ ਬੈਕੁੰਠ-ਧਾਮ ਵਲ ਤਾਰੀਆਂ ਲਾਉਣ ਲਈ ਤਤਪਰ ਕਰ ਲਿਆ ਜਾਂਦਾ ਹੈ। ਇਸ ਮਨ-ਘੋੜੇ ਨੂੰ ਨਾਮ ਦੀ ਲਗਾਮ ਪਾ ਕੇ, ਇਸ ਉਤੇ ਸਵਾਰੀ ਕਰਨ ਵਾਲਾ ਜੀਵਾਤਮਾ ਜੋ ਰੰਗ ਮਾਣਦਾ ਹੈ ਉਹ ਬੇਦਾਂ ਕਤੇਬਾਂ ਦੇ ਬਿਆਨ ਤੋਂ ਬਾਹਰਾ ਹੈ।



www.AKJ.Org

ਇਸ ਮਨ-ਘੋੜੇ ਨੂੰ ਕਾਬੂ ਕਰਨਾ ਅਤੇ ਇਸ ਦੇ ਮੂੰਹ ਵਿਚ ਨਾਮ ਦੀ ਲਗਾਮ ਦੇਣਾ ਕੋਈ ਸਹਿਲਾ ਕਮ ਨਹੀਂ। ਜੀਵ ਆਪਣੇ ਬਲ-ਬੋਤੇ ਕੁਝ ਨਹੀਂ ਕਰ ਸਕਦਾ, ਕਿਉਂਕਿ ਇਹ ਮਨ-ਘੋੜਾ ਤਾਂ ਇਤਨਾ ਚੰਚਲ ਹੈ ਕਿ ਅੱਖ ਦੇ ਪਲਕਾਰੇ ਵਿਚ ਛੜਾਂ ਮਾਰਦਾ ਕਿਤੇ ਦਾ ਕਿਤੇ ਨਿਕਲ ਜਾਂਦਾ ਹੈ। ਸੋ ਇਸ ਨੂੰ ਵਸ ਕਰਨ ਲਈ ਗੁਰੂ ਪਾਤਸ਼ਾਹ ਦੇ ਦਰ ਤੇ ਡਿਗ ਕੇ ਖਿਨ ਖਿਨ ਬਖਸ਼ਸ਼ ਪ੍ਰਾਪਤ ਕਰਨ ਲਈ ਜੋਦੜੀਆਂ ਕਰਨ ਦੀ ਲੋੜ ਹੈ।

ਅਠਵੇਂ ਸ਼ਬਦ ਵਿਚ ਬਿਆਨ ਕੀਤਾ ਹੈ ਕਿ ਜਿਸ ਜਗਿਆਸੂ ਤੇ ਸਤਿਗੁਰੂ ਆਪਣੀ ਬਖਸ਼ਸ਼ ਕਰੇ ਉਸੇ ਨੂੰ ਹਰੀ-ਨਾਮ-ਸਿਮਰਨ ਦੀ ਵਡਿਆਈ ਬਖਸ਼ਦਾ ਹੈ। ਸਤਿਗੁਰੂ ਦੀ ਬਖਸ਼ਸ਼ ਮਿਹਰੰਮਤ ਨਾਲ ਹੀ ਇਹ ਨਾਮ ਉਸ ਦੇ ਮਨ ਵਿਚ ਆ ਕੇ ਵਸਦਾ ਹੈ।

ਮਨ ਵਸ ਹੋਇ ਤੋਂ ਬਿਨਾਂ ਨਾਮ-ਸਿਮਰਨ ਅੰਦਰ ਟਿਕਦਾ ਹੀ ਨਹੀਂ। ਗੁਰੂ-ਚਰਨਾਂ ਦੇ ਭੌਰੇ ਜਾਣਦੇ ਹਨ ਕਿ ਮਨ ਨੂੰ ਕਿਵੇਂ ਕਾਬੂ ਕਰਨਾ ਹੈ। ਮਨ ਮਸਤੇ ਹੋਏ ਹਾਥੀ ਵਾਂਗ ਵਸ ਤੋਂ ਬਾਹਰਾ ਹੋਇਆ ਫਿਰਦਾ ਹੈ, ਪਰ ਗੁਰੂ-ਪਿਆਰੇ ਗੁਰ-ਸ਼ਬਦ ਦੇ ਕੁੰਡੇ ਨਾਲ ਇਸ ਮਨ-ਹਾਥੀ ਨੂੰ ਟਿਕਾਣੇ ਰਖਦੇ ਹਨ। ਇਸ ਨਾਮ-ਅੰਕੁਸ (ਕੁੰਡੇ) ਤੋਂ ਬਿਨਾਂ ਇਹ ਕਾਬੂ ਆਉਂਦਾ ਹੀ ਨਹੀਂ। ਜਿਵੇਂ ਗੁਰਵਾਕ ਹੈ–

ਮਨੁ ਕੁੰਚਰੁ ਪੀਲਕੁ ਗੁਰੂ ਗਿਆਨੁ ਕੁੰਡਾ ਜਹ ਖਿੰਚੇ ਤਹ ਜਾਇ॥
ਨਾਨਕ ਹਸਤੀ ਕੁੰਡੇ ਬਾਹਰਾ ਫਿਰਿ ਫਿਰਿ ਉਝੜਿ ਪਾਇ॥੨॥੨੦॥

[ਕੁੰਚਰੁ–ਹਾਥੀ। ਪੀਲਕੁ–ਮਹਾਵਤ] ਮ: ੩, ਪੰਨਾ ੫੧੬

ਸੋ ਗੁਰੂ ਦੇ ਗਿਆਨ-ਉਪਦੇਸ਼ ਤੋਂ ਬਿਨਾਂ ਇਹ ਮਨ ਔਝੜ ਹੀ ਪਿਆ ਰਹਿੰਦਾ ਹੈ। ਕਾਮਲ ਸਤਿਗੁਰੂ ਨੂੰ ਮਿਲ ਕੇ ਹੀ ਇਹ ਸੜਿਆ ਬਲਿਆ ਮਨ ਕੰਚਨ ਵਾਂਗ ਨਿਰਮਲ ਹੋ ਸਕਦਾ ਹੈ। ਗੁਰਵਾਕ–

ਭਇਆ ਮਨੂਰੁ ਕੰਚਨੁ ਫਿਰਿ ਹੋਵੈ ਜੇ ਗੁਰੁ ਮਿਲੈ ਤਿਨੇਹਾ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ ਤਉ ਨਾਨਕ ਤ੍ਰਿਸਟਸਿ ਦੇਹਾ॥੪॥੩॥

[ਮਾਰੂ ਮ: ੧, ਪੰਨਾ ੯੯੦

ਇਸ ਅਸਾਧ ਮਨ ਨੂੰ ਵਿਰਲੇ ਗੁਰੂ-ਪਿਆਰੇ ਗੁਰ-ਸ਼ਬਦ ਦੀ ਕਮਾਈ ਨਾਲ ਸਾਧ ਲੈਂਦੇ ਹਨ, ਪਰ ਇਹ ਸ਼ਬਦ ਦੀ ਕਮਾਈ ਵੀ ਤਦ ਹੀ ਹੁੰਦੀ ਹੈ ਜੇ ਹਉਮੈ ਨੂੰ ਨੇੜੇ ਨਾ ਢੁਕਣ ਦਿਤਾ ਜਾਵੇ ਅਤੇ ਹਰ ਤਰ੍ਹਾਂ ਦੇ ਵਿਕਾਰਾਂ ਤੋਂ ਬਚਿਆ ਜਾਵੇ। ਜਿਨ੍ਹਾਂ ਨੂੰ ਪ੍ਰਭੂ ਗੁਰ-ਸ਼ਬਦ ਦੀ ਅਤੁਟ ਕਮਾਈ ਬਖਸ਼ਦਾ ਹੈ ਉਨ੍ਹਾਂ ਨੂੰ ਫਿਰ ਆਪਣੇ ਨਾਲ ਅਜਿਹਾ ਮਿਲਾਉਂਦਾ ਹੈ ਕਿ ਉਨ੍ਹਾਂ ਨੂੰ ਕਦੇ ਇਸ ਮਿਲਾਪ ਤੋਂ ਵਿਛੋੜਾ ਨਹੀਂ ਹੁੰਦਾ। ਉਹ ਗੁਰਮੁਖ ਪਿਆਰੇ ਨਾਮ ਨਾਲ ਪੱਕੀ ਸਾਂਝ ਪਾ ਲੈਂਦੇ ਹਨ।

ਕੀਰਤਨ ਦੀ ਸਮਾਪਤੀ ਸਮੇਂ ਆਖਰੀ ਸ਼ਬਦ ਵਿਚ ਗੁਰੂ ਪਾਤਸ਼ਾਹ ਵਲੋਂ ਬਖਸ਼ੇ ਗੁਰ-ਸ਼ਬਦ ਦੀ ਅਲੌਕਿਕ ਕਲਾ ਬਿਆਨ ਕੀਤੀ ਹੈ ਕਿ ਗੁਰ-ਸ਼ਬਦ ਦੇ ਸ੍ਰਵਣ ਕਰਨ ਨਾਲ ਜਿਹੜਾ ਮਨ ਕਚ ਸਮਾਨ ਕੌਡੀ ਵੀ ਮੁਲ ਨਹੀਂ ਸੀ ਰਖਦਾ, ਉਹ ਕੰਚਨ ਸੋਨਾ ਬਣ ਜਾਂਦਾ ਹੈ। ਗੁਰ-ਸ਼ਬਦ ਨੂੰ ਮੁਖ ਤੋਂ ਉਚਾਰਨ ਨਾਲ ਇਹ ਮਨ ਜੋ ਬਿਖ-ਪਦਾਰਥ ਵਿਹਾਝਦਾ ਫਿਰਦਾ ਸੀ, ਅੰਮ੍ਰਿਤ-ਨਾਮ ਦਾ ਰਸੀਆ ਬਣ ਜਾਂਦਾ ਹੈ। ਗੁਰ-ਸ਼ਬਦ ਦੀ ਕਮਾਈ ਕਰਨ ਸਦਕਾ ਸਤਿਗੁਰੂ ਮਿਹਰ-ਦ੍ਰਿਸ਼ਟੀ ਕਰਦਾ ਹੈ ਅਤੇ ਇਹ ਮਨ ਲੋਹੇ ਤੋਂ ਅਮੋਲਕ ਲਾਲ ਹੋ ਨਿਬੜਦਾ ਹੈ। ਗੁਰ-ਉਪਦੇਸ਼ ਦੀ ਨਿਰੰਤਰ ਵਿਚਾਰ ਨਾਲ ਇਹ ਮਨ ਪੱਥਰ ਤੋਂ ਕੀਮਤੀ ਮਾਣਕ ਹੋ ਚਮਕਦਾ ਹੈ। ਸਤਿਗੁਰੂ ਦੀ ਕਿਰਪਾ-ਦ੍ਰਿਸ਼ਟੀ ਨਾਲ ਇਹ ਮਨ ਮਮੂਲੀ ਲਕੜੀ ਤੋਂ ਸੁਗੰਧਤ ਚੰਦਨ ਬਣ, ਸੁਗੰਧੀਆਂ ਖਿਲਾਰਦਾ ਹੈ ਅਤੇ ਸਾਰੇ ਦੁਖ-ਦਲਿਦਰਾਂ ਤੋਂ ਛੁਟਕਾਰਾ ਪਾ ਲੈਂਦਾ ਹੈ। ਸਤਿਗੁਰੂ ਦੇ ਚਰਨ ਪਰਸਨ ਨਾਲ ਜਿਹੜਾ ਮਨ ਪਹਿਲਾਂ ਪਸੂ-ਪਰੇਤਾਂ ਵਾਂਗ ਅਸੁਰੀ ਬ੍ਰਿਤੀ ਵਿਚ ਵਿਚਰਦਾ ਸੀ, ਉਹ ਦੇਵ-ਬ੍ਰਿਤੀ ਵਿਚ ਵਿਚਰਨ ਲਗ ਪੈਂਦਾ ਹੈ।


www.AKJ.Org

ਹੇਠਾਂ ਉਹ ਨੌਂ ਸ਼ਬਦ ਦਿਤੇ ਜਾ ਰਹੇ ਹਨ :–

(੧) ਭੀਤਰਿ ਪੰਚ ਗੁਪਤ ਮਨਿ ਵਾਸੇ ॥ ਥਿਰੁ ਨ ਰਹਹਿ ਜੈਸੇ ਭਵਹਿ ਉਦਾਸੇ ॥੧॥
**ਮਨੁ ਮੇਰਾ ਦਇਆਲ ਸੇਤੀ ਥਿਰੁ ਨ ਰਹੈ ॥**
**ਲੋਭੀ ਕਪਟੀ ਪਾਪੀ ਪਾਖੰਡੀ, ਮਾਇਆ ਅਧਿਕ ਲਗੈ ॥੧॥ਰਹਾਉ॥**
ਫੂਲ ਮਾਲਾ ਗਲਿ ਪਹਿਰਉਗੀ ਹਾਰੋ ॥ ਮਿਲੈਗਾ ਪ੍ਰੀਤਮੁ ਤਬ ਕਰਉਗੀ ਸੀਗਾਰੋ ॥੨॥
ਪੰਚ ਸਖੀ ਹਮ ਏਕੁ ਭਤਾਰੋ ॥ ਪੇਡਿ ਲਗੀ ਹੈ ਜੀਅੜਾ ਚਾਲਣਹਾਰੋ ॥੩॥
ਪੰਚ ਸਖੀ ਮਿਲਿ ਰੁਦਨੁ ਕਰੇਹਾ ॥ ਸਾਹੁ ਪਜੂਤਾ ਪ੍ਰਣਵਤਿ ਨਾਨਕ ਲੇਖਾ ਦੇਹਾ ॥੪॥੧॥੩੪॥
[ਆਸਾ ਮਹਲਾ ੧, ਪੰਨਾ ੩੫੯

(੨) ਤਿਨੁ ਬਸੰਤੁ ਜੋ ਹਰਿ ਗੁਣ ਗਾਏ ॥ ਪੂਰੈ ਭਾਗਿ ਹਰਿ ਭਗਤਿ ਕਰਾਏ ॥੧॥
**ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ ॥**
**ਇਹੁ ਮਨੁ ਜਲਿਆ ਦੂਜੈ ਦੋਇ ॥੧॥ਰਹਾਉ॥**
ਇਹੁ ਮਨੁ ਧੰਧੈ ਬਾਧਾ ਕਰਮ ਕਮਾਇ ॥ ਮਾਇਆ ਮੂਠਾ ਸਦਾ ਬਿਲਲਾਇ ॥੨॥
ਇਹੁ ਮਨੁ ਛੂਟੈ ਜਾਂ ਸਤਿਗੁਰੁ ਭੇਟੈ ॥ ਜਮਕਾਲ ਕੀ ਫਿਰਿ ਆਵੈ ਨ ਫੇਟੈ ॥੩॥
ਇਹੁ ਮਨੁ ਛੂਟਾ ਗੁਰਿ ਲੀਆ ਛਡਾਇ ॥ ਨਾਨਕ ਮਾਇਆ ਮੋਹੁ ਸਬਦਿ ਜਲਾਇ ॥੪॥੪॥੧੬॥
[ਬਸੰਤ ਮਹਲਾ ੩, ਪੰਨਾ ੧੧੭੬-੭੭

(੩) **ਜਨਮ ਜਨਮ ਕੀ ਇਸੁ ਮਨੁ ਕਉ ਮਲੁ ਲਾਗੀ, ਕਾਲਾ ਹੋਆ ਸਿਆਹੁ ॥**
ਖੰਨਲੀ ਧੋਤੀ ਉਜਲੀ ਨ ਹੋਵਈ, ਜੇ ਸਉ ਧੋਵਣਿ ਪਾਹੁ ॥
ਗੁਰ ਪਰਸਾਦੀ ਜੀਵਤੁ ਮਰੈ, ਉਲਟੀ ਹੋਵੈ ਮਤਿ ਬਦਲਾਹੁ ॥
ਨਾਨਕ ਮੈਲੁ ਨ ਲਗਈ, ਨਾ ਫਿਰਿ ਜੋਨੀ ਪਾਹੁ ॥੧॥੨੨॥
[ਸਲੋਕੁ ਮ: ੩, ਵਾਰ ਸੋਰਠ, ਪੰਨਾ ੬੫੧

(੪) **ਮਨੁ ਦਹਦਿਸਿ ਚਲਿ ਚਲਿ ਭਰਮਿਆ, ਮਨਮੁਖ ਭਰਮਿ ਭੁਲਾਇਆ ॥**
ਨਿਤ ਆਸਾ ਮਨਿ ਚਿਤਵੈ, ਮਨ ਤ੍ਰਿਸਨਾ ਭੁਖ ਲਗਾਇਆ ॥
ਅਨਤਾ ਧਨੁ ਧਰਿ ਦਬਿਆ, ਫਿਰਿ ਬਿਖੁ ਭਾਲਣ ਗਇਆ ॥
ਜਨ ਨਾਨਕ ਨਾਮੁ ਸਲਾਹਿ ਤੂ, ਬਿਨੁ ਨਾਵੈ ਪਚਿ ਪਚਿ ਮੁਇਆ ॥੩॥੧॥੫॥
[ਸੂਹੀ ਮਹਲਾ ੪, ਪੰਨਾ ੭੭੬

(੫) **ਵਸਿ ਆਣਿਹੁ ਵੇ ਜਨ ਇਸੁ ਮਨ ਕਉ, ਮਨੁ ਬਾਸੇ ਜਿਉ ਨਿਤ ਭਉਦਿਆ ॥**
ਦੁਖਿ ਰੈਣਿ ਵੇ ਵਿਹਾਣੀਆ, ਨਿਤ ਆਸਾ ਆਸ ਕਰੇਦਿਆ ॥
ਗੁਰੁ ਪਾਇਆ ਵੇ ਸੰਤ ਜਨੋ, ਮਨਿ ਆਸ ਪੂਰੀ ਹਰਿ ਚਉਦਿਆ ॥
ਜਨ ਨਾਨਕ ਪ੍ਰਭ ਦੇਹੁ ਮਤੀ, ਛਡਿ ਆਸਾ ਨਿਤ ਸੁਖਿ ਸਉਦਿਆ ॥੨॥
[ਸੂਹੀ ਸੰਤ ਮਹਲਾ ੪, ਪੰਨਾ ੭੭੬

ਕਵਨੁ ਕਵਨੁ ਨਹੀ ਪਤਰਿਆ ਤੁਮ੍ਰਰੀ ਪਰਤੀਤਿ ॥
ਮਹਾ ਮੋਹਨੀ ਮੋਹਿਆ ਨਰਕ ਕੀ ਰੀਤਿ ॥੧॥
**ਮਨ ਖੁਟਹਰ ਤੇਰਾ ਨਹੀ ਬਿਸਾਸੁ, ਤੂ ਮਹਾ ਉਦਮਾਦਾ ॥**
**ਖਰ ਕਾ ਪੈਖਰੁ ਤਉ ਛੁਟੈ, ਜਉ ਊਪਰਿ ਲਾਦਾ ॥੧॥ਰਹਾਉ॥**



www.AKJ.Org

ਜਪ ਤਪ ਸੰਜਮ ਤੁਮ੍ ਖੰਡੇ, ਜਮ ਕੇ ਦੂਖ ਡਾਂਡ ॥
ਸਿਮਰਹਿ ਨਾਹੀ ਜੋਨਿ ਦੁਖ ਨਿਰਲਜੇ ਭਾਂਡ ॥੨॥
ਹਰਿ ਸੰਗਿ ਸਹਾਈ ਮਹਾ ਮੀਤੁ, ਤਿਸ ਸਿਉ ਤੇਰਾ ਭੇਦੁ ॥
ਬੀਧਾ ਪੰਚ ਬਟਵਾਰਈ, ਉਪਜਿਓ ਮਹਾ ਖੇਦੁ ॥੩॥
ਨਾਨਕ ਤਿਨ ਸੰਤਨ ਸਰਣਾਗਤੀ ਜਿਨ ਮਨੁ ਵਸਿ ਕੀਨਾ ॥
ਤਨੁ ਧਨੁ ਸਰਬਸੁ ਆਪਣਾ, ਪ੍ਰਭ ਜਨ ਕਉ ਦੀਨਾ ॥੪॥੨੮॥

ਬਿਲਾਵਲ ਮਹਲਾ ੫, ਪੰਨਾ ੮੧੫

(੭) ਦੇਇ ਮੁਹਾਰ ਲਗਾਮੁ ਪਹਿਰਾਵਉ ॥ ਸਗਲਤ ਜੀਨੁ ਗਗਨ ਦਉਰਾਵਉ ॥੧॥
ਅਪਨੈ ਬੀਚਾਰਿ ਅਸਵਾਰੀ ਕੀਜੈ ॥ ਸਹਜ ਕੈ ਪਾਵੜੈ ਪਗੁ ਧਰਿ ਲੀਜੈ ॥੧॥ਰਹਾਉ॥
**ਚਲ ਰੇ ਬੈਕੁੰਠ ਤੁਝਹਿ ਲੇ ਤਾਰਉ ॥ ਹਿਚਹਿ ਤ ਪ੍ਰੇਮ ਕੈ ਚਾਬੁਕ ਮਾਰਉ ॥੨॥**
ਕਹਤ ਕਬੀਰ ਭਲੇ ਅਸਵਾਰਾ ॥ ਬੇਦ ਕਤੇਬ ਤੇ ਰਹਹਿ ਨਿਰਾਰਾ ॥੩॥੩੧॥

[ਗਉੜੀ ਕਬੀਰ ਜੀ, ਪੰਨਾ ੩੨੯

(੮) ਮਨੁ ਮਰੈ ਧਾਤੁ ਮਰਿ ਜਾਇ ॥ ਬਿਨੁ ਮਨ ਮੂਏ ਕੈਸੇ ਹਰਿ ਪਾਇ ॥
ਇਹੁ ਮਨੁ ਮਰੈ ਦਾਰੂ ਜਾਣੈ ਕੋਇ ॥ ਮਨੁ ਸਬਦਿ ਮਰੈ ਬੂਝੈ ਜਨੁ ਸੋਇ ॥੧॥
**ਜਿਸ ਨੋ ਬਖਸੇ ਹਰਿ ਦੇ ਵਡਿਆਈ ॥ ਗੁਰ ਪਰਸਾਦਿ ਵਸੈ ਮਨਿ ਆਈ ॥੧॥ਰਹਾਉ॥**
ਗੁਰਮੁਖਿ ਕਰਣੀ ਕਾਰ ਕਮਾਵੈ ॥ ਤਾ ਇਸੁ ਮਨ ਕੀ ਸੋਝੀ ਪਾਵੈ ॥
ਮਨੁ ਮੈ ਮਤੁ ਮੈਗਲ ਮਿਕਦਾਰਾ ॥ ਗੁਰੁ ਅੰਕਸੁ ਮਾਰਿ ਜੀਵਾਲਣਹਾਰਾ ॥੨॥
ਮਨੁ ਅਸਾਧੁ ਸਾਧੈ ਜਨ ਕੋਈ ॥ ਅਚਰੁ ਚਰੈ ਤਾ ਨਿਰਮਲ ਹੋਈ ॥
ਗੁਰਮੁਖਿ ਇਹੁ ਮਨੁ ਲਇਆ ਸਵਾਰਿ ॥ ਹਉਮੈ ਵਿਚਹੁ ਤਜੈ ਵਿਕਾਰ ॥੩॥
ਜੋ ਧੁਰਿ ਰਖਿਅਨੁ ਮੇਲਿ ਮਿਲਾਇ ॥ ਕਦੇ ਨ ਵਿਛੁੜਹਿ ਸਬਦਿ ਸਮਾਇ ॥
ਅਪਣੀ ਕਲਾ ਆਪੇ ਪ੍ਰਭੁ ਜਾਣੈ ॥ ਨਾਨਕ ਗੁਰਮੁਖਿ ਨਾਮੁ ਪਛਾਣੈ ॥੪॥੬॥

[ਧਨਾਸਰੀ ਮਹਲਾ ੫, ਪੰਨਾ ੬੬੫

(੯) ਕਚਹੁ ਕੰਚਨੁ ਭਇਅਉ ਸਬਦੁ ਗੁਰ ਸ੍ਰਵਣਹਿ ਸੁਣਿਓ ॥
ਬਿਖੁ ਤੇ ਅੰਮ੍ਰਿਤੁ ਹੁਯਉ ਨਾਮੁ ਸਤਿਗੁਰ ਮੁਖਿ ਭਣਿਅਉ ॥
ਲੋਹਉ ਹੋਯਉ ਲਾਲੁ ਨਦਰਿ ਸਤਿਗੁਰੁ ਜਦਿ ਧਾਰੈ ॥
ਪਾਹਣ ਮਾਣਕ ਕਰੈ ਗਿਆਨੁ ਗੁਰ ਕਹਿਅਉ ਬੀਚਾਰੈ ॥
ਕਾਠਹੁ ਸ੍ਰੀਖੰਡ ਸਤਿਗੁਰਿ ਕੀਅਉ ਦੁਖ ਦਰਿਦ੍ਰ ਤਿਨ ਕੇ ਗਇਅ ॥
ਸਤਿਗੁਰੂ ਚਰਨ ਜਿਨ੍ ਪਰਸਿਆ ਸੇ ਪਸੁ ਪਰੇਤ ਸੁਰਿਨਰ ਭਇਅ ॥੨॥੬॥

[ਸਵਈਏ ਮਹਲੇ ਚਉਥੇ ਕੇ, ਪੰਨਾ ੧੩੯੯

---

# ਸਤਿਗੁਰ ਕਾ ਖਿਵੈ ਚੰਦੋਆ

ਕਈ ਥਾਈਂ ਦੇਖਿਆ ਜਾਂਦਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਪਾਲਕੀ ਵਿਚ ਕੀਤਾ ਜਾਂਦਾ ਹੈ। ਪਾਲਕੀ ਵਿਚ ਹੀ ਛੋਟਾ ਜਿਹਾ ਚੰਦੋਆ ਲਾ ਕੇ ਕੰਮ ਸਾਰ ਲਿਆ ਜਾਂਦਾ ਹੈ। ਪਿਆਰਿਓ ! ਇਹ ਕੰਮ ਸਾਰਨਾ ਨਹੀਂ, ਸਗੋਂ ਸੱਚੇ ਪਾਤਸ਼ਾਹ ਜੀ ਦਾ ਸਤਿਕਾਰ ਕਰਨਾ ਹੈ। ਪੂਰਨ ਸਤਿਕਾਰ ਨੂੰ ਮੁਖ ਰਖਦਿਆਂ ਪਾਲਕੀ ਵਿਚ ਵੀ ਛੋਟਾ ਚੰਦੋਆ ਲਗ ਜਾਏ ਅਤੇ ਉਪਰ ਵਡਾ ਸੁੰਦਰ ਚੰਦੋਆ ਤਾਣਿਆ ਜ਼ਾਏ। ਇਹ ਅਤੀ ਜ਼ਰੂਰੀ ਹੈ ਜੀ।

www.AKJ.Org

# ਗੁਰਬਾਣੀ ਦੀ ਮਹਿਮਾ ਤੇ ਸਤਿਕਾਰ

[ਵਲੋਂ ਬੀਬੀ ਦਲਜੀਤ ਕੌਰ ਜੀ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ]

ਸਭਿ ਨਾਦ ਬੇਦ ਗੁਰਬਾਣੀ ॥ ਮਨੁ ਰਾਤਾ ਸਾਰਿਗਪਾਣੀ ॥
ਤਹ ਤੀਰਥ ਵਰਤ ਤਪ ਸਾਰੇ ॥ ਗੁਰ ਮਿਲਿਆ ਹਰਿ ਨਿਸਤਾਰੇ ॥੩॥ (੮੭੯)

ਗੁਰਸਿਖ ਸੰਗਤਾਂ ਨੂੰ ਸੁਖ ਦੇਣਹਾਰੇ ਅਤੇ ਮਨੁਖ ਮਾਤਰ ਨੂੰ ਜੀਅ-ਦਾਨ ਬਖਸ਼ਣ ਵਾਲੇ ਸਤਿਗੁਰੂ, ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਅਵਤਾਰ-ਦਿਵਸ ਫ਼ਰਵਰੀ ੧੯ ਨੂੰ ਸੀ। ਆਪ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਦੇ ਪੋਤਰੇ ਸਨ। ਆਪ ਜੀ ਦਾ ਜਨਮ ਉਨ੍ਹਾਂ ਦੇ ਸਪੁੱਤਰ ਬਾਬਾ ਗੁਰਦਿਤਾ ਜੀ ਅਤੇ ਮਾਤਾ ਨਤੀ ਜੀ ਦੇ ਗ੍ਰਿਹਿ ਸ੍ਰੀ ਕੀਰਤਪੁਰ ਵਿਖੇ ਹੋਇਆ।

ਸ੍ਰੀ ਗੁਰੂ ਹਰਿ ਰਾਇ ਸਾਹਿਬ ਹਰ ਰੋਜ਼ ਅਨੇਕਾਂ ਜੀਵ-ਜੰਤੂਆਂ ਦੀ ਖ਼ਬਰ-ਸਾਰ ਤੇ ਸਾਂਭ ਸੰਭਾਲ ਕਰਦੇ ਸਨ। ਇਕ ਦਿਨ ਆਪ ਜੀ ਅਰਾਮ ਦਾ ਵਕਤ ਜਾਣ ਕੇ ਪਲੰਘ ਤੇ ਲੇਟ ਗਏ। ਥੋੜੇ ਸਮੇਂ ਪਿਛੋਂ ਹੀ ਕੁਝ ਸਿਖ ਕਿਸੇ ਦੂਰ ਦੇਸ਼ ਤੋਂ ਦਰਸ਼ਨਾਂ ਦੀ ਤਾਂਘ ਵਿਚ ਕੀਰਤਪੁਰ ਸਾਹਿਬ ਪੁਜੇ। ਪਿਆਰ-ਬਿਹਬਲਤਾ ਵਿਚ ਗੁਰਬਾਣੀ-ਸ਼ਬਦਾਂ ਦੀ ਧੁਨੀ ਗੂੰਜਾਂਦੇ ਉਹ ਆ ਰਹੇ ਸਨ। ਮਿਠੀਆਂ ਮਿਠੀਆਂ ਧੁਨੀਆ, ਸੁਣਨ ਵਾਲਿਆਂ ਨੂੰ ਵੀ ਸ਼ਾਂਤੀ, ਸ਼ਰਧਾ ਤੇ ਚਾਉ ਅਨੰਦ ਵਿਚ ਮੁਗਧ ਕਰ ਰਹੀਆਂ ਸਨ। ਇਸ ਪ੍ਰੇਮ-ਬੇਧੀ ਅਵਸਥਾ ਵਿਚ ਗਾਇਨ ਕੀਤੀ ਜਾ ਰਹੀ ਗੁਰਬਾਣੀ ਦੀ ਧੁਨੀ ਸਤਿਗੁਰਾਂ ਦੇ ਕੋਮਲ ਹਿਰਦੇ ਨੂੰ ਜਾ ਸਪੱਰਸ਼ ਹੋਈ। ਬਾਣੀ ਦੀ ਸ੍ਰੋਤ ਸੁਣਦੇ ਸਾਰ, ਗੁਰ-ਬਾਣੀ ਦੇ ਸਤਿਕਾਰ ਲਈ, ਆਪ ਜੀ ਇਤਨੀ ਕਾਹਲੀ ਨਾਲ ਪਲੰਘ ਤੋਂ ਉਠੇ ਕਿ ਆਪ ਦੇ ਗੋਡੇ ਤੇ ਸੱਟ ਲਗ ਗਈ। ਪਹਿਰੇ ਤੇ ਖੜੇ ਦਾਸਾਂ ਦੇ ਪੁਛਣ ਤੇ ਆਪ ਜੀ ਨੇ ਫ਼ੁਰਮਾਇਆ—

ਮੇਰੇ ਪਿਆਰੇ ਗੁਰਸਿਖੋ ! ਪਾਰਬ੍ਰਹਮ ਪਰਮੇਸ਼ਰ ਸਤਿਗੁਰੂ ਜੀ ਦਾ ਵਾਸਾ ਇਸ ਬਾਣੀ ਵਿਚ ਹੈ। ਹੁਕਮ ਹੈ-

ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥ (੯੮੨)

ਗੁਰ-ਬਾਣੀ ਦੀ ਮਹਿਮਾ ਬੇਅੰਤ ਹੈ। ਇਹ ਬਾਣੀ ਇਸ ਸੜਦੇ ਬਲਦੇ ਸੰਸਾਰ-ਸਮੁੰਦਰ ਤੋਂ ਪਾਰ ਕਰਨ ਲਈ ਜਹਾਜ਼ ਹੈ। ਇਹ ਅਤੀ ਸੁਖਦਾਈ ਅਤੇ ਵਿਕਾਰਾਂ ਤੋਂ ਛੁਟਕਾਰਾ ਦਿਵਾਣ ਵਾਲੀ ਹੈ। ਤ੍ਰਿਸ਼ਨਾ ਨੂੰ ਮਿਟਾਉਣ ਵਾਲੀ ਹੈ ਅਤੇ ਵਾਹਿਗੁਰੂ ਦਾ ਸੱਚਾ ਗਿਆਨ ਦੇਣ ਵਾਲੀ ਹੈ। ਜਿਹੜਾ ਵੀ ਗੁਰਸਿਖ ਪੂਰਨ ਭੈ-ਭਾਵਨੀ ਸਹਿਤ ਗੁਰਬਾਣੀ ਦਾ ਸਤਿਕਾਰ ਕਰੇਗਾ ਉਹ ਨਿਸਚੇ ਹੀ ਸੰਸਾਰ-ਸਾਗਰ ਤੋਂ ਤਰ ਜਾਏਗਾ। ਸਤਿਗੁਰੂ ਨੇ ਫ਼ੁਰਮਾਇਆ ਕਿ ਅਸੀਂ ਬਾਣੀ ਦੇ ਸਤਿਕਾਰ ਵਜੋਂ ਭੈ ਵਿਚ ਆ ਕੇ ਛੇਤੀ ਨਾਲ ਠੇਉ ਤਾਂ ਇਹ ਸੱਟ ਲਗ ਗਈ। ਗੁਰਸਿਖੋ ! ਗੁਰੂ ਪਰਮੇਸਰ ਦੇ ਭੈ ਤੋਂ ਬਿਨਾਂ ਭਗਤੀ ਨਹੀਂ ਹੋ ਸਕਦੀ, ਭਗਤੀ ਬਿਨਾਂ ਗਿਆਨ ਨਹੀਂ ਪ੍ਰਾਪਤ ਹੋ ਸਕਦਾ, ਗਿਆਨ ਬਿਨਾਂ ਜਨਮ-ਮਰਨ ਦੇ ਗੇੜ ਤੋਂ ਛੁਟਕਾਰਾ ਨਹੀਂ ਹੋ ਸਕਦਾ ਅਤੇ ਨਾ ਹੀ ਅਨੰਦੀ ਵਾਹਿਗੁਰੂ ਵਿਚ ਲੀਨਤਾ ਹੋ ਸਕਦੀ ਹੈ। ਇਸ ਲਈ ਗੁਰ-ਬਾਣੀ ਦੇ ਭੈ ਵਿਚ ਹੀ ਸਾਰੇ ਸੁਖ ਹਨ। ਸਤਿਗੁਰੂ ਜੀ ਦਾ ਫ਼ੁਰਮਾਨ ਹੈ—

ਸੁਣਿ ਵਡਭਾਗੀਆ ਹਰਿ ਅੰਮ੍ਰਿਤ ਬਾਣੀ ਰਾਮ ॥
ਜਿਨ ਕਉ ਕਰਮਿ ਲਿਖੀ ਤਿਸੁ ਰਿਦੈ ਸਮਾਣੀ ਰਾਮ ॥
ਅਕਥ ਕਹਾਣੀ ਤਿਨੀ ਜਾਣੀ ਜਿਸੁ ਆਪਿ ਪ੍ਰਭੁ ਕਿਰਪਾ ਕਰੇ ॥
ਅਮਰੁ ਥੀਆ ਫਿਰਿ ਨ ਮੂਆ ਕਲਿ ਕਲੇਸਾ ਦੁਖ ਹਰੇ ॥
ਹਰਿ ਸਰਣਿ ਪਾਈ ਤਜਿ ਨ ਜਾਈ ਪ੍ਰਭ ਪ੍ਰੀਤਿ ਮਨਿ ਤਨਿ ਭਾਣੀ ॥
ਬਿਨਵੰਤਿ ਨਾਨਕ ਸਦਾ ਗਾਈਐ ਪਵਿਤ੍ਰ ਅੰਮ੍ਰਿਤ ਬਾਣੀ ॥੩॥

[ਬਿਹਾਗੜਾ ਮਹਲਾ ੫, ਪੰਨਾ ੫੪੫



www.AKJ.Org

# ਸਲੋਕ ਸਹਸਕ੍ਰਿਤੀ ਮਹਲਾ ੧

[ਅਰਥ ਵਿਆਖਿਆ ਵਲੋਂ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

'ਗਾਥਾ' ਤੇ "ਸਲੋਕ ਸਹਸਕ੍ਰਿਤੀ" ਕੁਝ ਔਖੀਆਂ ਬਾਣੀਆਂ ਹਨ। 'ਸੂਰਾ' ਦੇ ਪਾਠਕਾਂ ਲਈ ਪਿਛਲੇ ਦੋ ਪਰਚਿਆਂ ਵਿਚ 'ਗਾਥਾ' ਦੇ ਅਰਥ ਸੌਖੇ ਤੇ ਸਰਲ ਕਰ ਕੇ ਦਿਤੇ ਗਏ ਹਨ। ਐਤਕੀ ਅਸੀਂ "ਸਲੋਕ ਸਹਸਕ੍ਰਿਤੀ ਮਹਲਾ ੧" ਦੇ ਅਰਥ-ਭਾਵ ਦੇ ਰਹੇ ਹਨ। ਇਸ ਬਾਣੀ ਦੇ ਅਰਥਾਂ, ਬਿਸਰਾਮਾਂ ਆਦਿ ਬਾਰੇ ਜੋ ਸਜਣ ਆਪਣੇ ਸੁਝਾਅ ਭੇਜਣਗੇ, ਉਨ੍ਹਾਂ ਨੂੰ ਧੰਨਵਾਦ ਸਹਿਤ ਵਿਚਾਰਿਆ ਜਾਵੇਗਾ।

ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

**ਪਦ ਅਰਥ** :—ੴ (ਉਚਾਰਣ—ਇਕ ਓਅੰਕਾਰ)—ਵਾਹਿਗੁਰੂ ਇਕ ਹੈ, ਅਤੇ ਇਕ-ਰਸ ਵਿਆਪਕ ਹੈ। ਸਤਿ ਨਾਮੁ—ਵਾਹਿਗੁਰੂ ਦਾ ਨਾਮ ਸਦਾ ਸੱਚ ਹੈ। ਕਰਤਾ—ਸ੍ਰਿਸ਼ਟੀ ਦਾ ਰਚਣਹਾਰ। ਪੁਰਖੁ—ਵਿਆਪਕ। ਨਿਰਭਉ—ਭਉ-ਰਹਿਤ। ਅਕਾਲ ਮੂਰਤਿ—ਜਿਸ ਦੀ ਹੋਂਦ (ਹਸਤੀ) ਕਾਲ-ਰਹਿਤ ਹੈ। ਅਜੂਨੀ—ਜੋ ਜੂਨਾਂ ਵਿਚ ਆਉਣ ਤੋਂ ਮੁਕਤ ਹੈ, ਜੋ ਜਨਮ ਮਰਨ ਦੇ ਗੇੜ ਵਿਚ ਨਹੀਂ ਆਉਂਦਾ। ਸੈਭੰ—ਜੋ ਸੁਤੇ ਪ੍ਰਕਾਸ਼ ਹੈ, ਜੋ ਕਿਸੇ ਦਾ ਬਣਾਇਆ ਹੋਇਆ ਨਹੀਂ। ਗੁਰ ਪ੍ਰਸਾਦਿ—ਗੁਰੂ ਦੀ ਕਿਰਪਾ ਦੁਆਰਾ।

**ਅਰਥ** :—ਵਾਹਿਗੁਰੂ ਇਕ ਹੈ ਤੇ ਇਕ-ਰਸ ਵਿਆਪਕ ਹੈ। ਉਸ ਦਾ ਨਾਮ ਸਦਾ ਸੱਚ ਹੈ। ਉਹ ਸ੍ਰਿਸ਼ਟੀ ਦਾ ਰਚਣਹਾਰ ਹੈ ਅਤੇ ਸਭ ਵਿਚ ਵਿਆਪਕ ਹੈ। ਉਹ ਭੈ ਤੋਂ ਰਹਿਤ ਹੈ, ਵੈਰ ਤੋਂ ਰਹਿਤ ਹੈ। ਉਸ ਦੀ ਹੋਂਦ (-ਹਸਤੀ) ਕਾਲ-ਰਹਿਤ ਹੈ। ਉਹ ਜੂਨਾਂ ਵਿਚ ਨਹੀਂ ਆਉਂਦਾ। ਉਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੈ। (ਅਕਾਲ ਪੁਰਖ ਬਾਰੇ ਉਪ੍ਰੋਕਤ ਗਿਆਨ) ਗੁਰੂ ਦੀ ਕਿਰਪਾ ਦੁਆਰਾ ਹੁੰਦਾ ਹੈ।

## ਸਲੋਕ ਸਹਸਕ੍ਰਿਤੀ ਮਹਲਾ ੧

ਪੜ੍ਹਿ ਪੁਸ੍ਤਕ ਸੰਧਿਆ ਬਾਦੰ ॥ ਸਿਲ ਪੂਜਸਿ ਬਗੁਲ ਸਮਾਧੰ ॥
ਮੁਖਿ ਝੂਠੁ ਬਿਭੂਖਨ ਸਾਰੰ ॥ ਤ੍ਰੈਪਾਲ ਤਿਹਾਲ ਬਿਚਾਰੰ ॥
ਗਲਿ ਮਾਲਾ ਤਿਲਕ ਲਿਲਾਟੰ ॥ ਦੁਇ ਧੋਤੀ ਬਸਤ੍ਰ ਕਪਾਟੰ ॥
ਜੋ ਜਾਨਸਿ ਬ੍ਰਹਮੰ ਕਰਮੰ ॥ ਸਭ ਫੋਕਟ ਨਿਸਚੈ ਕਰਮੰ ॥
ਕਹੁ ਨਾਨਕ ਨਿਸਚੌ ਧ੍ਯਿਾਵੈ ॥ ਬਿਨੁ ਸਤਿਗੁਰ ਬਾਟ ਨ ਪਾਵੈ ॥੧॥

**ਪਦ ਅਰਥ** :—ਸਹਸਕ੍ਰਿਤੀ—ਸੰਸਕ੍ਰਿਤ, ਪਾਲੀ ਅਤੇ ਪ੍ਰਾਕ੍ਰਿਤ ਤੋਂ ਬਣੀ ਹੋਈ ਇਕ ਭਾਸ਼ਾ, ਜਿਸ ਦਾ ਨਾਉਂ ਗਾਥਾ ਭੀ ਹੈ। ਇਹ ਸੰਸਕ੍ਰਿਤ ਤੋਂ ਵਖਰੀ ਹੈ। ਪੜ੍ਹਿ—ਪੜ੍ਹਦਾ ਹੈ। ਪੁਸ੍ਤਕ—ਧਰਮ-ਪੁਸਤਕਾਂ, ਵੇਦ ਸ਼ਾਸਤਰ ਆਦਿ ਗ੍ਰੰਥ। ਸੰਧਿਆ—ਸੂਰਜ ਦੇ ਨਿਕਲਣ ਅਤੇ ਛਿਪਣ ਦੇ ਸਮੇਂ ਦੇਵਤਾਦਿ ਨੂੰ ਨਮਸਕਾਰ ਕਰਨ ਦੀ ਕਿਰਿਆ। ਬਾਦੰ—ਵਾਦ-ਵਿਵਾਦ, ਚਰਚਾ। ਸਿਲ—ਪੱਥਰ ਦੀ ਮੂਰਤੀ। ਪੂਜਸਿ—ਪੂਜਦਾ ਹੈ। ਮੁਖਿ—


www.AKJ.Org

ਮੰਹ ਤੋਂ। ਬਿਭੂਖਨ–ਗਹਿਣੇ। ਸਾਰੰ–ਸ੍ਰੇਸ਼ਟ, ਸੁੰਦਰ। ਤ੍ਰੈਪਾਲ–ਤਿੰਨਾਂ ਪਾਲਾਂ ਵਾਲੀ, ਤ੍ਰੈ-ਪਦੀ, ਗਾਇਤ੍ਰੀ ਮੰਤ੍ਰ। ਤਿਹਾਲ–ਤਿੰਨ ਵੇਲੇ। ਗਲਿ–ਗਲ ਵਿਚ। ਲਿਲਾਟੰ–ਮੱਥੇ ਉਤੇ। ਕਪਾਟੰ–ਤਾਲੂਏ, ਸਿਰ ਉਤੇ। ਜੋ–ਜਿਹੜਾ। ਜਾਨਸਿ–ਜਾਣਦਾ ਹੈ। ਬ੍ਰਹਮੰ ਕਰਮੰ–ਬ੍ਰਹਮ ਪ੍ਰਾਪਤੀ ਦਾ ਕਰਮ। ਫੋਕਟ–ਫੋਕੇ, ਬੇਅਰਥ। ਨਿਸਚੈ–ਨਿਸਚੇ ਕਰਕੇ, ਯਕੀਨਨ। ਨਿਸਚੌ–ਦ੍ਰਿੜ੍ਹਤਾ ਨਾਲ, ਪ੍ਰਤੀਤ ਧਾਰ ਕੇ। ਧ੍ਯਾਵੈ–(ਉਚਾਰਣ–ਧਿਆਵੈ) ਧਿਆਉਂਦਾ ਹੈ। ਬਾਟ–ਵਾਟ, ਰਸਤਾ।

**ਅਰਥ** :–(ਪੰਡਿਤ) ਧਾਰਮਿਕ ਪੁਸਤਕਾਂ ਪੜ੍ਹਦਾ ਹੈ, ਸੰਧਿਆ ਕਰਦਾ ਹੈ, ਪਰ ਨਾਲ ਹੀ ਵਾਦ-ਵਿਵਾਦ ਕਰਦਾ ਹੈ। ਪੱਥਰ (ਦੀ ਮੂਰਤੀ) ਪੂਜਦਾ ਹੈ ਅਤੇ ਬਗਲੇ ਵਾਂਗ ਸਮਾਧੀ ਲਾ ਬਹਿੰਦਾ ਹੈ। ਮੂੰਹ ਤੋਂ ਬੋਲੇ ਝੂਠ ਨੂੰ (ਮੁਲੰਮੇ ਦੇ) ਸੁੰਦਰ ਗਹਿਣਿਆਂ ਵਾਂਗ (ਸੱਚ ਬਣਾ ਕੇ) ਪੇਸ਼ ਕਰਦਾ। ਤ੍ਰੈ ਪਦੇ ਗਾਇਤ੍ਰੀ-ਮੰਤ੍ਰ ਨੂੰ (ਦਿਨ ਵਿਚ) ਤਿੰਨ ਵੇਲੇ ਵਿਚਾਰਦਾ ਹੈ। ਗਲ ਵਿਚ ਮਾਲਾ ਰਖਦਾ ਹੈ ਅਤੇ ਮੱਥੇ ਤੇ ਤਿਲਕ ਲਾਂਦਾ ਹੈ। ਦੋ ਧੋਤੀਆਂ ਰਖਦਾ ਹੈ। ਅਤੇ (ਸੰਧਿਆ ਕਰਨ ਵੇਲੇ) ਤਾਲੂਏ ਤੇ ਕਪੜਾ ਰਖ ਲੈਂਦਾ ਹੈ।

(ਸਤਿਗੁਰੂ ਜੀ ਫੋਕਟ ਕਰਮਾਂ ਦਾ ਪਾਜ ਖੋਲ੍ਹ ਕੇ ਹੁਣ ਅਸਲੀਅਤ ਦਰਸਾਉਂਦੇ ਹਨ) :–

ਜਿਹੜਾ ਮਨੁੱਖ ਪ੍ਰਭੂ-ਪ੍ਰਾਪਤੀ ਦੇ ਸ੍ਰੇਸ਼ਟ ਕਰਮ (ਪ੍ਰੇਮਾ ਭਗਤੀ) ਨੂੰ ਜਾਣ ਲੈਂਦਾ ਹੈ, ਉਸ ਨੂੰ ਦ੍ਰਿੜ੍ਹ ਵਿਸ਼ਵਾਸ ਹੋ ਜਾਂਦਾ ਹੈ ਕਿ (ਵਿਖਾਵੇ ਦੇ ਉਪਰੋਕਤ ਕਿਸਮ ਦੇ) ਸਾਰੇ ਦੇ ਸਾਰੇ ਕਰਮ ਫੋਕੇ ਅਥਵਾ ਬੇਅਰਥ ਹਨ। 'ਨਾਨਕ' ਦਾ ਕਥਨ ਹੈ ਕਿ ਅਜਿਹਾ ਵਡਭਾਗਾ ਵਿਅਕਤੀ ਹੀ ਪ੍ਰਤੀਤ ਧਾਰ ਕੇ ਪ੍ਰਭੂ ਨੂੰ ਧਿਆਉਂਦਾ ਹੈ। ਪਰ ਇਹ ਵਾਟ (ਜੀਵਨ-ਮਾਰਗ) ਸਤਿਗੁਰੂ ਤੋਂ ਬਿਨਾਂ ਕੋਈ ਪ੍ਰਾਪਤ ਨਹੀਂ ਕਰ ਸਕਦਾ।੧।

**ਸਾਰੰਸ** :–ਪੂਰਨ ਪ੍ਰੀਤ ਅਤੇ ਪ੍ਰਤੀਤ ਸਹਿਤ ਕੀਤਾ ਪ੍ਰਭੂ ਦਾ ਸਿਮਰਨ ਹੀ ਸਹੀ ਜੀਵਨ-ਮਾਰਗ ਹੈ ਅਤੇ ਇਹ ਸਤਿਗੁਰੂ ਦੀ ਰਾਹੀਂ ਹੀ ਪ੍ਰਾਪਤ ਹੁੰਦਾ ਹੈ। ਹੋਰ ਦਿਖਾਵੇ ਦੇ ਬਾਹਰਮੁਖੀ ਕਰਮ ਫੋਕਟ ਹਨ।੧।

**ਨਿਹਫਲੰ ਤਸ੍ਯ ਜਨਮਸ੍ਯ**
**ਜਾਵਦ ਬ੍ਰਹਮ ਨ ਬਿੰਦਤੇ ॥**
**ਸਾਗਰੰ ਸੰਸਾਰਸ੍ਯ**
**ਗੁਰ ਪਰਸਾਦੀ ਤਰਹਿ ਕੇ ॥**
**ਕਰਣ ਕਾਰਣ ਸਮਰਥੁ ਹੈ**
**ਕਹੁ ਨਾਨਕ ਬੀਚਾਰਿ ॥**
**ਕਾਰਣੁ ਕਰਤੇ ਵਸਿ ਹੈ**
**ਜਿਨਿ ਕਲ ਰਖੀ ਧਾਰਿ ॥੨॥**

**ਪਦ ਅਰਥ** :–ਨਿਹਫਲੰ–ਬੇਅਰਥ। ਤਸ੍ਯ–ਤਿਸ ਦਾ, ਉਸ ਦਾ। ਜਨਮਸ੍ਯ–ਜਨਮ ਅਸਿ, ਜਨਮ ਹੈ। ਜਾਵਦ–ਜਦ ਤਕ, ਜਿਤਨਾ ਚਿਰ। ਬ੍ਰਹਮ–ਵਾਹਿਗੁਰੂ। ਨ ਬਿੰਦਤੇ–ਨਹੀਂ ਚੀਨਦਾ, ਨਹੀਂ ਪਛਾਣਦਾ। ਸਾਗਰੰ ਸੰਸਾਰਸ੍ਯ–ਸਾਗਰ ਰੂਪ ਜੋ ਸੰਸਾਰ ਹੈ। ਤਰਹਿ–ਤਰਦੇ ਹਨ। ਕੇ–ਕੋਈ ਟਾਵੇਂ। ਕਰਣ ਕਾਰਣ ਸਮਰਥੁ–ਜਗਤ-ਰਚਨਾ ਨੂੰ ਬਣਾਉਣ ਦੇ ਸਮਰੱਥ, ਪ੍ਰਭੂ। ਬੀਚਾਰਿ–ਵੀਚਾਰ ਕੇ। ਕਾਰਣੁ–ਸਬੱਬ। ਵਸਿ–ਵਸ ਵਿਚ। ਜਿਨਿ–(ਕਰਤਾ ਕਾਰਕ, ਇਕ-ਵਚਨ, ਪੜਨਾਂਵ) ਜਿਸ (ਪ੍ਰਭੂ) ਨੇ। ਕਲ–ਕਲਾ, ਸਤਾ। ਰਖੀ ਧਾਰਿ–ਧਾਰ ਰਖੀ ਹੈ, ਟਿਕਾਅ ਰਖੀ ਹੈ।੨।

**ਅਰਥ** :–ਤਿਸ ਮਨੁੱਖ ਦਾ ਜਨਮ (ਓਦੋਂ ਤਕ) ਬੇਅਰਥ ਹੈ ਜਦੋਂ ਤਕ ਉਹ ਵਾਹਿਗੁਰੂ ਨੂੰ ਨਹੀਂ



www.AKJ.Org

ਪਛਾਣਦਾ। ਇਹ ਸੰਸਾਰ-ਸਾਗਰ (ਇਕ ਭਿਆਨਕ) ਸਮੁੰਦਰ ਹੈ,(ਜਿਸ ਵਿਚ ਲੋਕੀਂ ਗੋਤੇ ਖਾਂਦੇ ਰਹਿੰਦੇ ਹਨ) ਕੋਈ ਵਿਰਵੇ ਟਾਵੇਂ ਮਨੁੱਖ ਸਤਿਗੁਰੂ ਦੀ ਕਿਰਪਾ ਦੁਆਰਾ (ਪ੍ਰਭੂ ਨੂੰ ਪਛਾਣ ਕੇ) ਸੰਸਾਰ-ਸਮੁੰਦਰ ਤੋਂ ਪਾਰ ਲੰਘ ਜਾਂਦੇ ਹਨ।

ਕਰਤਾ ਪੁਰਖ ਵਾਹਿਗੁਰੂ ਹੀ ਜਗਤ-ਰਚਨਾ ਕਰਨ ਦੇ ਸਮਰੱਥ ਹੈ। ਮੂਲ-ਕਾਰਣ (ਜਿਸ ਕਰਕੇ ਜਗਤ-ਰਚਨਾ ਹੋਂਦ ਵਿਚ ਆਈ ਹੈ), ਵੀ ਉਸ ਕਰਤੇ ਪੁਰਖ ਦੇ ਹੱਥ ਵਸ ਹੈ, ਜਿਸ ਨੇ ਆਪਣੀ ਸੱਤਾ (ਬ੍ਰਹਿਮੰਡ ਵਿਚ) ਟਿਕਾਅ ਰਖੀ ਹੈ। 'ਨਾਨਕ'! ਉਸ ਕਰਤੇ ਪੁਰਖ ਦਾ ਨਾਮ ਹੀ (ਮੁਖ ਤੋਂ) ਉਚਾਰਨ ਕਰ ਅਤੇ ਉਸ ਦੀ ਹੀ (ਹਿਰਦੇ ਵਿਚ) ਵਿਚਾਰ ਕਰ।੨।

**ਸਾਰੰਸ** :–ਕਰਣ ਕਾਰਣ ਸਮਰੱਥ ਵਾਹਿਗੁਰੂ ਨੂੰ ਪਛਾਣੇ ਬਿਨਾਂ ਜੀਵਨ ਸਫਲ ਨਹੀਂ ਹੋ ਸਕਦਾ। ਇਹ ਪਛਾਣ ਸਤਿਗੁਰੂ ਦੁਆਰਾ ਹੀ ਹੁੰਦੀ ਹੈ ਤੇ ਗੁਰੂ-ਮੇਹਰ ਸਦਕਾ ਹੀ, ਸੰਸਾਰ-ਸਾਗਰ ਤੋਂ ਪਾਰ-ਉਤਾਰਾ ਹੁੰਦਾ ਹੈ।੨।

**ਜੋਗ ਸਬਦੰ ਗਿਆਨ ਸਬਦੰ**
**ਬੇਦ ਸਬਦੰ ਤ ਬ੍ਰਾਹਮਣਹ॥**
**ਖੁਤ੍ਰੀ ਸਬਦੰ ਸੂਰ ਸਬਦੰ**
**ਸੂਦ੍ਰ ਸਬਦੰ ਪਰਾਕ੍ਰਿਤਹ॥**
**ਸਰਬ ਸਬਦੰ ਤ ਏਕ ਸਬਦੰ**
**ਜੇ ਕੋ ਜਾਨਸਿ ਭੇਉ॥**
**ਨਾਨਕ ਤਾ ਕੋ ਦਾਸੁ ਹੈ**
**ਸੋਈ ਨਿਰੰਜਨ ਦੇਉ ॥੩॥**

**ਪਦ ਅਰਥ** :–ਜੋਗ ਸਬਦੰ–ਜੋਗੀਆਂ ਦਾ ਧਰਮ। ਬ੍ਰਾਹਮਣਹ–ਬ੍ਰਾਹਮਣਾਂ ਦਾ। ਤ–ਤਾਂ, ਵੀ। ਖੁਤ੍ਰੀ ਸਬਦੰ–ਖਤਰੀਆਂ ਦਾ ਧਰਮ। ਸੂਰ–ਸੂਰਮਤਾ। ਸੂਦ੍ਰ ਸਬਦੰ–ਸ਼ੂਦਰਾਂ ਦਾ ਧਰਮ। ਪਰਾਕ੍ਰਿਤਹ–ਪਰਾਈ ਕਿਰਤ ਕਰਨੀ। ਸਰਬ ਸਬਦੰ–ਸਾਰਿਆਂ ਦਾ ਧਰਮ। ਏਕ ਸਬਦੰ–ਇਕੋ ਹੀ (ਪ੍ਰਭੂ ਸਿਮਰਨ) ਦਾ ਧਰਮ। ਕੋ–ਕੋਈ। ਜਾਨਸਿ–ਜਾਣ ਲੈਂਦਾ ਹੈ। ਭੇਉ–ਭੇਤ। ਤਾ ਕੋ–ਤਾਂ ਹੀ ਕੋਈ। ਨਿਰੰਜਨ–ਨਿਰ+ ਅੰਜਨ, ਮਾਇਆ ਦੇ ਪ੍ਰਭਾਵ ਤੋਂ ਮੁਕਤ, ਵਾਹਿਗੁਰੂ। ਦੇਉ–ਪ੍ਰਕਾਸ਼ ਸਰੂਪ।

**ਅਰਥ** :–ਜੋਗੀਆਂ ਦਾ ਧਰਮ ਗਿਆਨ ਪ੍ਰਾਪਤ ਕਰਨਾ ਹੈ ਅਤੇ ਬ੍ਰਾਹਮਣਾਂ ਦਾ ਧਰਮ ਤਾਂ ਵੇਦਾਂ ਦਾ ਪਠਨ ਪਾਠਨ ਕਰਨਾ ਹੈ। ਖਤਰੀਆਂ ਦਾ ਧਰਮ ਸੂਰਮਤਾ ਧਾਰਨ ਕਰਨੀ ਹੈ ਅਤੇ ਸੂਦਰਾਂ ਦਾ ਧਰਮ ਪਰਾਈ ਕਿਰਤ (ਸੇਵਾ) ਕਰਨੀ ਹੈ।

ਸਾਰੇ ਜੀਵਾਂ ਦਾ ਤਾਂ (ਅਸਲ ਵਿਚ) ਇਕੋ ਹੀ ਧਰਮ ਹੈ (ਨਿਰੰਜਨ ਦੇਉ–ਵਾਹਿਗੁਰੂ ਨੂੰ ਪਛਾਣਨਾ)। ਜੇ ਕੋਈ ਵਡਭਾਗਾ ਮਨੁੱਖ ਇਸ ਗੁਹਜ ਗੱਲ ਨੂੰ ਸਮਝ ਲੈਂਦਾ ਹੈ, 'ਨਾਨਕ'! ਤਾਂ ਹੀ ਕੋਈ ਪ੍ਰਭੂ ਦਾ ਦਾਸ ਬਣ ਸਕਦਾ ਹੈ। ਉਹ (ਅਜਿਹਾ ਮਨੁੱਖ) ਹੀ ਮਾਇਆ ਤੋਂ ਨਿਰਲੇਪ ਪ੍ਰਕਾਸ਼-ਸਰੂਪ ਵਾਹਿਗੁਰੂ ਦਾ ਹੀ ਰੂਪ ਹੋ ਜਾਂਦਾ ਹੈ।੩।

**ਸਾਰੰਸ਼** :–ਸਭ ਕਰਮਾਂ ਧਰਮਾਂ ਤੋਂ ਸ੍ਰੇਸ਼ਟ ਨਾਮ-ਧਰਮ ਹੈ :–

ਸਰਬ ਧਰਮ ਮਹਿ ਸ੍ਰੇਸਟ ਧਰਮੁ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥੮॥੩॥ [ਸੁਖਮਨੀ ਸਾਹਿਬ, ੨੬੬



www.AKJ.Org

ਨਾਮ-ਸਿਮਰਨ ਵਾਲਾ ਧਰਮੀ ਪੁਰਸ਼ ਵਾਹਿਗੁਰੂ ਦਾ ਸਰੂਪ ਹੀ ਹੋ ਨਿਬੜਦਾ ਹੈ :–

ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥੧॥੧੦੮॥ [ਆਸਾ ਮ: ੫, ਪੰਨਾ ੩੯੭

ਏਕ ਕ੍ਰਿਸ੍ਨੰ ਤ ਸਰਬ ਦੇਵਾ
ਦੇਵ ਦੇਵਾ ਤ ਆਤਮਹ ॥
ਆਤਮੰ ਸ੍ਰੀ ਬਾਸ੍ਵਦੇਵਸ੍ਯ
ਜੇ ਕੋਈ ਜਾਨਸਿ ਭੇਵ ॥
ਨਾਨਕ ਤਾ ਕੋ ਦਾਸੁ ਹੈ
ਸੋਈ ਨਿਰੰਜਨ ਦੇਵ ॥੪॥

**ਪਦ ਅਰਥ** :–ਏਕ ਕ੍ਰਿਸ੍ਨੰ–ਇਕ ਮਾਇਆ ਹੀ । ਤ–ਤਾਂ, ਹੀ, ਕਿ । ਸਰਬ ਦੇਵਾ–ਸਾਰੇ ਦੇਵਤਿਆਂ ਦਾ ਸਿਰਮੌਰ ਦੇਵਤਾ । ਦੇਵ ਦੇਵਾ–ਦੇਵਤਿਆਂ ਦਾ ਸਿਰਮੌਰ । ਆਤਮਹ–ਆਤਮਾ । ਆਤਮੰ ਸ੍ਰੀ ਬਾਸ੍ਵਦੇਵਸ੍ਯ–ਸ੍ਰੀ ਵਾਸਦੇਵ (ਵਾਹਿਗੁਰੂ) ਦਾ ਆਤਮਾ । ਜਾਨਸਿ–ਜਾਣ ਲੈਂਦਾ ਹੈ । ਭੇਵ–ਭੇਤ । ਸੋਈ–ਉਹੀ, ਪ੍ਰਭੂ ਰੂਪ । ਨਿਰੰਜਨ–ਮਾਇਆ ਦੇ ਪ੍ਰਭਾਵ ਤੋਂ ਮੁਕਤ, ਪ੍ਰਭੂ ।

**ਅਰਥ** :–ਇਕ ਮਾਇਆ ਤੋਂ ਹੀ ਤਾਂ ਸਾਰੇ (ਤਿੰਨੇ) ਦੇਵਤੇ ਪੈਦਾ ਹੋਏ । ਦੇਵਤਿਆਂ ਦਾ ਸਿਰਮੌਰ ਦੇਵਤਾ ਵਾਹਿਗੁਰੂ ਹੈ, ਜਿਸ ਤੋਂ ਕਿ ਸਭ ਜੀਵਾਂ ਦੀ ਆਤਮਾ ਹੋਂਦ ਵਿਚ ਆਈ । ਜੀਵ-ਆਤਮਾ ਸ੍ਰੀ ਵਾਸਦੇਵ ਵਾਹਿਗੁਰੂ ਦਾ ਹੀ ਸਰੂਪ ਹੈ । 'ਨਾਨਕ' ! ਜੇ ਕੋਈ (ਵਡਭਾਗਾ) ਮਨੁੱਖ ਇਸ ਭੇਦ ਨੂੰ ਜਾਣ ਲੈਂਦਾ ਹੈ, ਤਾਂ ਹੀ ਕੋਈ ਪ੍ਰਭੂ ਦਾ ਦਾਸ ਬਣ ਸਕਦਾ ਹੈ । ਉਹ (ਅਜਿਹਾ ਮਨੁੱਖ) ਹੀ ਮਾਇਆ ਤੋਂ ਨਿਰਲੇਪ ਪ੍ਰਕਾਸ਼ ਸਰੂਪ ਵਾਹਿਗੁਰੂ ਦਾ ਰੂਪ ਹੋ ਜਾਂਦਾ ਹੈ ।੪।

**ਸਾਰੰਸ਼** :–ਸਭ ਦੇਵਾਂ ਦਾ ਦੇਵ ਵਾਹਿਗੁਰੂ ਹੈ । ਐਸੇ ਵਾਹਿਗੁਰੂ ਦਾ ਸਿਮਰਨ ਕਰਨ ਵਾਲਾ ਉਸ ਦਾ ਸਰੂਪ ਹੀ ਹੋ ਜਾਂਦਾ ਹੈ ।

---


## 'ਸੂਰਾ' ਮਾਸਕ ਪੱਤਰ ਦੀ ਮਾਲਕੀ ਆਦਿ ਤੱਥਾਂ ਦਾ ਵੇਰਵਾ

ਫ਼ਾਰਮ ੪ (ਰੂਲ ੮)

| | |
|---|---|
| ੧. ਪ੍ਰਕਾਸ਼ਨ ਹੋਣ ਦੀ ਥਾਂ | ਅੰਮ੍ਰਿਤਸਰ |
| ੨. ਪ੍ਰਕਾਸ਼ਨ ਸਮਾਂ | ਮਾਸਕ ਪੱਤਰ |
| ੩. ੪. ੫. ਪ੍ਰਿੰਟਰ, ਪਬਲਿਸ਼ਰ, ਸੰਪਾਦਕ–ਨਾਂ, ਕੌਮੀਅਤ ਤੇ ਪਤਾ | ਸੇਵਾ ਸਿੰਘ, ਭਾਰਤੀ, ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ |
| ੬. ਮਾਲਕ | ਅਖੰਡ ਕੀਰਤਨੀ ਜਥਾ ਜਥੇਦਾਰ ਭਾ: ਰਾਮ ਸਿੰਘ ਜੀ ਸੁਕੈਂਡਰਨ ਲੀਡਰ (ਰੀ:) ੧੦੨–ਰਾਣੀ ਕਾ ਬਾਗ, ਅੰਮ੍ਰਿਤਸਰ |

ਮੈਂ ਸੇਵਾ ਸਿੰਘ ਬਿਆਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਭਰੋਸੇ ਅਨੁਸਾਰ ਪੂਰੀ ਤਰ੍ਹਾਂ ਠੀਕ ਹੈ ।

ਤਰੀਕ ੧.੩.੮੧ ਦਸਖ਼ਤ ਪਬਲਿਸ਼ਰ–ਸੇਵਾ ਸਿੰਘ





www.AKJ.Org

### ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਪਾਸੋਂ

# ਭਾ: ਹਰਭਜਨ ਸਿੰਘ ਜੀ ਜੋਗੀ ਨੇ ਖਿਮਾ ਮੰਗੀ

ਫਰਵਰੀ ੧੯੮੧ ਦੇ 'ਸੂਰਾ' ਪੱਤਰ ਵਿਚ ਇਸ ਸੰਬੰਧੀ ਇਕ ਸੰਖੇਪ ਸੂਚਨਾ ਪਾਠਕਾਂ ਦੀ ਗਿਆਤ ਲਈ ਛਾਪੀ ਗਈ ਸੀ। ਇਸ ਤੋਂ ਪਹਿਲਾਂ ਅਪ੍ਰੈਲ ੧੯੮੦ ਦੇ 'ਸੂਰਾ' ਪੱਤਰ ਵਿਚ ਜੋਗੀ ਹਰਭਜਨ ਸਿੰਘ ਜੀ ਦੀ ਸੰਸਥਾ ਵਲੋਂ ਭਾ: ਜੋਗਿੰਦਰ ਸਿੰਘ ਜੀ ਤਲਵਾੜਾ ਵਿਰੁਧ ਲਾਏ ਗਏ ਦੋਸ਼ ਦਾ ਪਿਛੋਕੜ ਦੇਂਦਿਆਂ ਹੋਇਆਂ ਅਖੰਡ ਕੀਰਤਨੀ ਜਥੇ ਦੇ ਸਿੰਘ ਸਿੰਘਣੀਆਂ ਨੂੰ ਜੋਗੀ ਜੀ ਦੇ ਹੱਥ-ਕੰਡਿਆਂ ਤੋਂ ਖ਼ਬਰਦਾਰ ਕੀਤਾ ਗਿਆ ਸੀ। ਇਸ ਲਈ ਜ਼ਰੂਰੀ ਹੈ ਕਿ ਇਸ ਸੰਬੰਧ ਵਿਚ ਜਥੇ ਦੀ ਅਗਲੀ ਪਾਲਸੀ ਤੋਂ ਵੀ ਜਾਣੂ ਕਰਵਾਇਆ ਜਾਏ।

੨੨-੧-੮੧ ਦੀ ਮੀਟਿੰਗ ਸਿੰਘ ਸਾਹਿਬ ਗੁਰਦਿਆਲ ਸਿੰਘ ਜੀ ਅਜਨੋਹਾ, ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਵਲੋਂ ਇਸ ਮਸਲੇ ਦੇ ਨਿਪਟਾਰੇ ਲਈ ਉਨ੍ਹਾਂ ਦੇ ਨਿਵਾਸ-ਅਸਥਾਨ ਤੇ ਬੁਲਾਈ ਗਈ, ਜਿਸ ਵਿਚ ਹੇਠ ਲਿਖੇ ਸਜਣ ਹਾਜ਼ਰ ਹੋਏ :—

(੧) ਭਾ: ਜੋਗਿੰਦਰ ਸਿੰਘ ਜੀ ਤਲਵਾੜਾ

(੨) ਭਾ: ਹਰਭਜਨ ਸਿੰਘ ਜੀ ਜੋਗੀ ਤੇ ਉਹਨਾਂ ਦੀ ਸੰਸਥਾ ਦੇ ਕੁਝ ਹੋਰ ਮੈਂਬਰ।

(੩) ਭਾ: ਰਾਮ ਸਿੰਘ ਜੀ ਅਤੇ ਅਖੰਡ ਕੀਰਤਨੀ ਜਥੇ ਦੇ ਕੁਝ ਹੋਰ ਮੈਂਬਰ।

(੪) ਬਾਬਾ ਨਿਹਾਲ ਸਿੰਘ ਜੀ ਹਰੀਆਂ ਵੇਲਾਂ

ਮੀਟਿੰਗ ਵਿਚ ਸ: ਗੁਰਚਰਨ ਸਿੰਘ ਜੀ ਟੋਹੜਾ ਪ੍ਰਧਾਨ ਸ਼੍ਰੋ: ਗੁ: ਪ੍ਰ: ਕਮੇਟੀ ਵਿਸ਼ੇਸ਼ ਤੌਰ ਤੇ ਸੱਦਾ ਦਿਤੇ ਜਾਣ ਤੇ ਤਸ਼ਰੀਫ ਲਿਆਏ। ਭਾ: ਅਮਰੀਕ ਸਿੰਘ ਜੀ ਸਪੁਤਰ ਗੁਰਪੁਰਵਾਸੀ ਸੰਤ ਕਰਤਾਰ ਸਿੰਘ ਜੀ ਭੀ ਹਾਜ਼ਰ ਸਨ।

ਭਾਈ ਵਾਹਿਗੁਰੂ ਸਿੰਘ ਖ਼ਾਲਸਾ ਵਲੋਂ ਭਾਈ ਜੋਗਿੰਦਰ ਸਿੰਘ ਜੀ ਤਲਵਾੜਾ ਦੇ ਖਿਲਾਫ ਭੁਲੇਖੇ ਵਿਚ ਲਗਾਏ ਗਏ ਨਿਰਮੂਲ ਦੋਸ਼ ਦੇ ਸੰਬੰਧ ਵਿਚ ਜੋਗੀ ਜੀ ਵਲੋਂ ਜੋ ਮਾਫ਼ੀ ਦਾ ਤਾਰ ਭੇਜੀ ਗਈ ਸੀ, ਉਸ ਤਾਰ ਦੇ ਪਹਿਲੇ (ਮਾਫ਼ੀ ਮੰਗਣ ਵਾਲੇ) ਹਿੱਸੇ ਦਾ ਜੋਗੀ ਜੀ ਨੇ ਇਕਬਾਲ ਕੀਤਾ ਕਿ ਉਹ ਤਾਰ ਉਨ੍ਹਾਂ ਨੇ ਖ਼ੁਦ ਭੇਜੀ ਸੀ। ਤਾਰ ਦਾ ਦੂਸਰਾ ਹਿੱਸਾ, ਜਿਸ ਵਿਚ ਲਿਖਿਆ ਸੀ ਕਿ ਇਕ ਚਿੱਠੀ ਇਸ ਦੇ ਪਿਛੇ ਆ ਰਹੀ ਹੈ ਆਪ(Letter Follows) ਜੋਗੀ ਜੀ ਦੇ ਕਹਿਣ ਮੁਤਾਬਕ "ਇਹ ਉਨ੍ਹਾਂ ਨੇ ਨਹੀਂ ਸੀ ਲਿਖਵਾਇਆ ਅਤੇ ਇਹ ਉਨ੍ਹਾਂ ਦੇ ਸੈਕਰੀਟੇਰੀਅਟ ਦੀ ਗਲਤੀ ਨਾਲ ਤਾਰ ਵਿਚ ਸ਼ਾਮਲ ਹੋ ਗਿਆ ਸੀ। ਪਰ ਇਸ ਗਲਤੀ ਦੀ ਸਾਡੇ ਪਾਸ ਕੋਈ ਤਰਮੀਮ ਨਹੀਂ ਸੀ ਪੁਜੀ, ਅਤੇ ਨਾ ਹੀ ਤਰਮੀਮ ਕੀਤੀ ਗਈ ਸੀ।

ਮੀਟਿੰਗ ਤਕਰੀਬਨ ਇਕ ਘੰਟਾ ਹੁੰਦੀ ਰਹੀ। ਕਾਫ਼ੀ ਗੱਲ-ਬਾਤ ਮਗਰੋਂ ਜੋਗੀ ਹਰਭਜਨ ਸਿੰਘ ਜੀ ਨੇ ਉਹਨਾਂ ਦੀ ਸੰਸਥਾ ਦੇ ਮੁਖੀਏ ਸਿੰਘ ਭਾ: ਵਾਹਿਗੁਰੂ ਸਿੰਘ ਜੀ ਵਲੋਂ ਭਾ: ਜੋਗਿੰਦਰ ਸਿੰਘ ਜੀ ਤਲਵਾੜਾ ਵਿਰੁਧ ਭੁਲੇਖੇ ਨਿਰਮੂਲ ਦੋਸ਼ ਲਾਏ ਜਾਣ ਤੇ ਦੁਖ ਦਾ ਪ੍ਰਗਟਾਵਾ ਕੀਤਾ ਅਤੇ ਭਾਈ ਸਾਹਿਬ ਤੋਂ ਉਹਨਾਂ ਨਾਲ ਹੋਈ ਵਧੀਕੀ ਤੇ ਸਪੱਸ਼ਟ ਸ਼ਬਦਾਂ ਵਿਚ ਮਾਫ਼ੀ ਮੰਗੀ। ਅਖੰਡ ਕੀਰਤਨੀ ਜਥੇ ਨੇ ਖੁਲ੍ਹ-ਦਿਲੀ ਅਤੇ ਮਿਲਾਉਣੀ ਦੀ ਭਾਵਨਾ ਅਧੀਨ ਇਸ ਤੇ ਸੰਮਤੀ ਪਰਗਟ ਕੀਤੀ। ਇਸ ਤਰ੍ਹਾਂ ਇਕ ਸਾਲ ਤੋਂ ਚਲ ਰਹੇ ਮਸਲੇ ਦਾ ਅੰਤ ਹੋਇਆ।

ਜਿਹਾ ਕਿ ਅਪ੍ਰੈਲ ੧੯੮੦ ਦੇ ਸੂਰੇ ਵਿਚ ਪਰਗਟ ਕੀਤਾ ਗਿਆ ਸੀ, ਜੋਗੀ ਹਰਭਜਨ ਸਿੰਘ ਜੀ ਦੀਆਂ ਕੁਝ ਕੁ ਗੱਲਾਂ ਹਨ ਜੋ ਗੁਰਮਤਿ ਦੇ ਵਿਰੁਧ ਹਨ, ਜਿਸ ਕਾਰਨ ਅਖੰਡ ਕੀਰਤਨੀ ਜਥੇ ਦਾ ਤੇ ਹੋਰ ਗੁਰਮਤਿ ਹਿਤੈਸ਼ੀਆਂ ਦਾ ਉਹਨਾਂ ਨਾਲ ਮਤ-ਭੇਦ ਹੈ, ਜਿਹਾ ਕਿ :—



www.AKJ.Org

(੧) ਜੋਗੀ ਜੀ ਦਾ ਕੁੰਡਲਨੀ ਜੋਗ ਤੇ ਤਾਂਤ੍ਰਿਕ ਜੋਗ ਨੂੰ ਆਤਮ-ਪ੍ਰਗਤੀ ਲਈ ਸਿੱਖੀ ਦਾ ਅੰਗ ਮੰਨਣਾ ਤੇ ਪ੍ਰਚਾਰਨਾ।

(੨) ਜੋਗੀ ਜੀ ਦਾ ਸ਼ੇਰ ਤੇ ਸਵਾਰ ਇਕ ਦੇਵੀ ਨੂੰ ਆਦੀ-ਸ਼ਕਤੀ ਮੰਨਣਾ ਤੇ ਇਸ ਦੀ ਪੂਜਾ ਦ੍ਰਿੜ੍ਹਾਉਣੀ।

(੩) ਜੋਗੀ ਜੀ ਵਲੋਂ ਮਾਸਟਰ ਆਫ ਕੁੰਡਲਨੀ ਅਤੇ ਮਹਾਂ-ਤਾਂਤ੍ਰਿਕ ਦੀ ਹੈਸੀਅਤ ਵਿਚ ਆਪਣੀ ਫੋਟੋ ਧਿਆਨ ਲਗਾਏ ਜਾਣ ਲਈ ਵੰਡੇ ਜਾਣਾ।

(੪) ਜੋਗੀ ਜੀ ਵਲੋਂ ਸਿੱਖੀ ਦੇ ਚਿੰਨ੍ਹ ਖੰਡ ਚਕਰ ਵਿਚ ਇਕ ਇਸਤ੍ਰੀ ਦਾ ਚਿਤ੍ਰ ਛਪਵਾ ਕੇ ਇਹ ਫੋਟੋ ਸਾਰੇ ਆਸ਼ਰਮਾਂ ਵਿਚ ਵੰਡੇ ਜਾਣਾ।

(੫) ਜੋਗੀ ਜੀ ਵਲੋਂ ਆਪਣੇ ਅਨੁਆਈਆਂ ਨੂੰ ਮੰਤਰ ਦਿਤਾ ਜਾਂਦਾ ਹੈ।

ਸਿੱਖੀ ਸਿਧਾਂਤਾਂ ਦਾ ਸਰਸਰੀ ਬੋਧ ਰਖਣ ਵਾਲਾ ਵਿਅਕਤੀ ਵੀ ਜਾਣਦਾ ਹੈ ਕਿ ਉਪਰੋਕਤ ਸਭ ਧਾਰਨਾਵਾਂ ਗੁਰਮਤਿ ਦੇ ਵਿਰੋਧੀ ਹਨ। ਸੋ ਇਹਨਾਂ ਕੁਰੀਤੀਆਂ ਨੂੰ ਮੁਖ ਰਖਦਿਆਂ ਹੋਇਆਂ ਅਖੰਡ ਕੀਰਤਨੀ ਜਥੇ ਲਈ ਜੋਗੀ ਜੀ ਦਾ ਸਹਿਯੋਗੀ ਹੋ ਕੇ ਵਰਤਣਾ ਸੰਭਵ ਨਹੀਂ।

ਜੋਗੀ ਜੀ ਦੀ ਸੰਸਥਾ ਦੇ ਭਾ: ਵਾਹਿਗੁਰੂ ਸਿੰਘ ਜੀ ਦੇ ਪੈਰੋਂ ਉਠੇ ਤੇ ਹੁਣ ਸਮਾਪਤ ਹੋਏ ਨਾ-ਗਵਾਰ ਕਲੇਸ਼ ਦੀ ਘਟਨਾ ਮਨ ਵਿਚ ਇਹ ਤੌਖਲਾ ਉਤਪੰਨ ਕਰਦੀ ਹੈ ਕਿ ਅਜਿਹਾ ਨਿਰਮੂਲ ਦੋਸ਼ ਕਿਸੇ ਵੀ ਵਿਅਕਤੀ ਦੇ ਵਿਰੁਧ, ਕਿਸੇ ਨ ਕਿਸੇ ਬਹਾਨੇ ਕਦੇ ਫਿਰ ਖੜਾ ਹੋ ਸਕਦਾ ਹੈ। ਇਸ ਲਈ ਅਖੰਡ ਕੀਰਤਨੀ ਜਥੇ ਦੇ ਸਤਿਕਾਰ ਅਤੇ ਉਚੇ ਆਚਰਣ ਨੂੰ ਬੇਦਾਗ ਰਖਣ ਲਈ ਅਖੰਡ ਕੀਰਤਨੀ ਜਥੇ ਦੇ ਸਭ ਸਿੰਘਾਂ-ਸਿੰਘਣੀਆਂ ਅਤੇ ਭੁਝੰਗੀ-ਭੁਝੰਗਣਾਂ ਨੂੰ ਇਸ ਸੰਬੰਧ ਵਿਚ ਸਾਵਧਾਨੀ ਵਰਤਣ ਦੀ ਅਤੀਅੰਤ ਲੋੜ ਹੈ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ)

ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

---

# ਗੁਰਸਿਖੀ ਲਈ ਕੁਝ ਜ਼ਰੂਰੀ ਅਸੂਲ

ਸਿਖ ਗੁਰਦਵਾਰਾ ਬੋਰਡ ਦਿਲੀ ਕਮੇਟੀ ਨੇ ਹੇਠ ਲਿਖੇ ਅਸੂਲ ਸਿਖ ਸੰਗਤਾਂ ਦੇ, ਸਦਾ ਯਾਦ ਰਖਣ ਲਈ ਬੋਰਡਾਂ ਉਪਰ ਲਿਖਵਾ ਕੇ ਗੁਰਦਵਾਰਾ ਸਾਹਿਬਾਨ ਦੇ ਸਾਹਮਣੇ ਲਾਏ ਹੋਏ ਹਨ, ਜੋ ਹਰੇਕ ਗੁਰਸਿਖ ਲਈ ਜ਼ਰੂਰੀ ਹਨ :—

1. ਸਿਖੀ ਵਿਚ ਦਾੜ੍ਹੀ, ਕੇਸਾਂ ਜਾਂ ਸਰੀਰ ਦੇ ਹੋਰ ਰੋਮਾਂ ਦੀ ਬੇਅਦਬੀ ਕਰਨਾ ਗੁਰੂ ਮਹਾਰਾਜ ਦੇ ਹੁਕਮ ਦੇ ਬਰਖਿਲਾਫ਼ ਹੈ।
2. ਕੇਸਾਂ ਨੂੰ ਸਦਾ ਢੱਕ ਕੇ ਰਖਣਾ ਚਾਹੀਦਾ ਹੈ। ਦਸਤਾਰ ਨਾ ਸਜਾਈ ਹੋਵੇ ਤਾਂ ਵੀ ਛੋਟੀ ਦਸਤਾਰ (ਕੇਸਕੀ) ਨਾਲ ਕੇਸ ਢਕ ਕੇ ਰਖਣੇ ਜ਼ਰੂਰੀ ਹਨ।
3. ਅੰਮ੍ਰਿਤ ਵੇਲੇ ਉਠਣਾ ਸਿਖੀ ਦਾ ਮੁਢਲਾ ਤੇ ਜ਼ਰੂਰੀ ਅਸੂਲ ਹੈ। ਇਹ ਨਰੋਈ ਸਿਹਤ ਅਤੇ ਖੁਸ਼ਹਾਲੀ ਦਾ ਵੀ ਕਾਰਨ ਹੈ।
4. ਜੇ-ਮਾਲਾ ਪਾਉਣੀ ਸਿਖੀ ਮਰਯਾਦਾ ਵਿਚ ਨਹੀਂ। ਇਹ ਨਹੀਂ ਕਰਨੀ।
5. "ਗੁਰੂ" ਗੁਰ-ਸ਼ਬਦ ਹੈ, ਦੇਹ ਨਹੀਂ। ਦੇਹਧਾਰੀ ਨੂੰ ਗੁਰੂ ਨਹੀਂ ਮੰਨਣਾ।
6. ਸਿੱਖ-ਜੋੜਿਆਂ ਨੂੰ ਸ਼ਾਦੀ ਤੋਂ ਪਹਿਲਾਂ ਅੰਮ੍ਰਿਤਧਾਰੀ ਹੋਣਾ ਜ਼ਰੂਰੀ ਹੈ। ਇਸ ਨੂੰ ਸਵੀਕਾਰ ਨਾ ਕਰਨਾ ਮਨਮਤਿ ਹੈ।
7. ਸਿੱਖ ਬੱਚਿਆਂ ਦੀ ਸ਼ਾਦੀ ਸਮੇਂ ਕਾਰਡਾਂ ਵਿਚ ਨਾਮ ਦੇ ਨਾਲ 'ਸਿੰਘ' ਜਾਂ 'ਕੌਰ' ਨਾ ਲਿਖਣਾ ਸਿੱਖੀ ਨੂੰ ਛੁਪਾਣਾ ਹੈ।
8. ਝਗੜਾ ਮੂਲ ਨਹੀਂ ਕਰਨਾ, ਭਾਵੇਂ ਥੋਪਿਆ ਵੀ ਜਾਏ।
9. ਥੋੜਾ ਖਾਣਾ, ਥੋੜਾ ਬੋਲਣਾ ਅਤੇ ਥੋੜਾ ਸੌਣਾ ਆਤਮਿਕ ਅਤੇ ਸਰੀਰਕ ਅਰੋਗਤਾ ਲਈ ਲਾਭਕਾਰੀ ਹੈ।
10. ਨਸ਼ਿਆਂ ਦਾ ਸੇਵਨ ਸਿਖੀ ਵਿਚ ਮਨ੍ਹਾ ਹੈ ਅਤੇ ਸਿਹਤ ਲਈ ਬਹੁਤ ਹਾਨੀਕਾਰਕ ਹੈ।

www.AKJ.Org

# ਇਕਸੁ ਹਰਿ ਕੇ ਨਾਮ ਵਿਣੁ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ

[ਵਲੋਂ—ਗੁਰਪੁਰ ਵਾਸੀ ਮਾਸਟਰ ਜੁਗਿੰਦਰ ਸਿੰਘ ਜੀ, ਬੜੂੰਦੀ]

ਗੁਰਮੁਖ ਪਿਆਰੇ ਮਾਸਟਰ ਜੀ ਨੇ ਗੁਰਬਾਣੀ ਦੇ ਪ੍ਰਮਾਣਾਂ ਦੁਆਰਾ ਦਸਿਆ ਕਿ ਨਾਮ ਤੋਂ ਵਿਹੂਣੇ ਮਨਮੁਖ ਵਿਸ਼ੇ-ਵਿਕਾਰਾਂ ਵਿਚ ਫਾਥੇ, ਮਾਇਆ ਦੇ ਢਹੇ ਚੜ੍ਹੇ ਹੋਏ, ਜ਼ਹਿਰ ਹੀ ਖਾਂਦੇ ਹਨ ਅਤੇ ਜ਼ਹਿਰ ਹੀ ਇਕੱਠੀ ਕਰਦੇ ਫਿਰਦੇ ਹਨ। ਉਨ੍ਹਾਂ ਦਾ ਖਾਣਾ, ਪੀਣਾ, ਸੌਣਾ, ਪਹਿਨਣਾ, ਸਨਬੰਧੀਆਂ ਦਾ ਮੋਹ ਆਦਿ ਸਭ ਕੁਝ ਧਿਰਕਾਰ ਯੋਗ ਹੈ। ਵਾਹਿਗੁਰੂ ਨਾਮ ਦੇ ਸਿਮਰਨ ਤੋਂ ਬਿਨਾਂ ਸਾਰਾ ਜੀਵਨ ਹੀ ਫਿਟਕਾਰ ਜੋਗ ਹੈ। ਮਾਇਆ ਤਾਂ ਖੋਟਾ ਸੌਦਾ ਹੈ। ਮਾਇਆ ਵਿਚ ਉਲਝ ਕੇ, ਮਾਇਆ ਇਕੱਠੀ ਕਰਨ ਵਿਚ ਹੀ ਜੋ ਲਾਹਨਤੀ ਮਨੁੱਖ ਆਪਣਾ ਜੀਵਨ ਗੁਆ ਜਾਂਦੇ ਹਨ, ਉਹ ਦੁਖਾਂ ਵਿਚ ਪਏ ਹੋਏ ਜੰਮਦੇ ਮਰਦੇ ਰਹਿੰਦੇ ਹਨ। ਅਜਿਹੇ ਮਨ ਦੇ ਮੁਰੀਦਾਂ ਦਾ ਛੁਟਕਾਰਾ ਕੇਵਲ ਗੁਰੂ ਦੀ ਸ਼ਰਨ ਪੈ ਕੇ ਹੀ ਹੋ ਸਕਦਾ ਹੈ। ਪੂਰੇ ਗੁਰੂ ਦੀ ਓਟ ਲਏ ਤੋਂ ਬਿਨਾਂ ਨਾਮ ਦਾ ਰੰਗ ਚੜ੍ਹ ਹੀ ਨਹੀਂ ਸਕਦਾ। ਸਤਿਗੁਰੂ ਹੀ ਹੈ ਜੋ ਅੰਮ੍ਰਿਤ-ਨਾਮ ਦੀ ਦਾਤਿ ਬਖਸ਼ ਕੇ, ਬਿਖ-ਮਾਇਆ ਵਿਹਾਜਣ ਵਾਲੇ ਮਰਦੇ ਜਾ ਰਹੇ ਪ੍ਰਾਣੀਆਂ ਨੂੰ ਜੀਵਾਲਦਾ ਹੈ, ਪ੍ਰਾਣੀਆਂ ਨੂੰ ਸੱਚੀ ਨਾਮ ਦੀ ਕਾਰ ਬਖਸ਼ ਕੇ ਜਮਾਂ ਤੋਂ ਛੁਡਾ ਲੈਂਦਾ ਹੈ, ਜਨਮ ਮਰਨ ਦੇ ਗੇੜਾਂ ਤੋਂ ਬਚਾ ਲੈਂਦਾ ਹੈ। —ਸੰਪਾਦਕ

**ਬਿਖੁ ਖਾਣੇ :**

ਬਿਖੁ ਖਾਧੀ ਮਨਮੁਖੁ ਮੁਆ ਮਾਇਆ ਮੋਹਿ ਵਿਣਾਸੁ ॥
ਇਕਸੁ ਹਰਿ ਕੇ ਨਾਮ ਵਿਣੁ ਧ੍ਰਿਗੁ ਜੀਵਣੁ ਧ੍ਰਿਗੁ ਵਾਸੁ ॥ ੨ ॥ ੭ ॥

[ਵਾਰ ਰਾਮਕਲੀ, ਮ: ੩, ਪੰਨਾ ੯੪੯

ਵਿਸ਼ੇ ਰੂਪੀ ਜ਼ਹਿਰ ਖਾਣ ਕਰਕੇ ਆਪ-ਹੁਦਰਾ ਮੋਹ ਮਾਇਆ ਦਾ ਫਾਥਾ ਮਨਮੁਖ ਮਰ ਗਿਆ। ਨਾਮ ਤੋਂ ਸਖਣੇ ਉਸਦੇ ਜੀਵਨ ਤੇ ਵਸੇਬੇ ਉਤੇ ਫਿੱਟ ਲਾਹਨਤ ਹੈ। ਜੈਸੇ ਗੁਰ-ਫੁਰਮਾਨ ਹੈ :—

ਧ੍ਰਿਗੁ ਧ੍ਰਿਗੁ ਖਾਇਆ ਧ੍ਰਿਗੁ ਧ੍ਰਿਗੁ ਸੋਇਆ ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ ॥
ਧ੍ਰਿਗੁ ਸਰੀਰੁ ਕੁਟੰਬ ਸਹਿਤ ਸਿਉ ਜਿਤੁ ਹੁਣਿ ਖਸਮੁ ਨ ਪਾਇਆ ॥ ੧ ॥

[ਬਿਲਾਵਲੁ ਮ: ੩, ਪੰਨਾ ੭੯੬

ਪੁਨਾ— ਧ੍ਰਿਗੁ ਬਹੁ ਜੀਵਣ ਜਿਤੁ ਹਰਿ ਨਾਮਿ ਨ ਲਗੈ ਪਿਆਰੁ ॥
ਧ੍ਰਿਗੁ ਸੇਜ ਸੁਖਾਲੀ ਕਾਮਣਿ ਮੋਹਿ ਗੁਬਾਰੁ... ॥੪॥੮॥

[ਗਉੜੀ ਮ: ੩, ਪੰਨਾ ੨੩੩

ਅਤੇ— ਧ੍ਰਿਗੁ ਇਵੇਹਾ ਜੀਵਿਆ ਕਿਆ ਜੁਗ ਮਹਿ ਪਾਇਆ ਆਇ ॥
ਮਾਇਆ ਖੋਟੀ ਰਾਸਿ ਹੈ ਏਕ ਚਸੇ ਮਹਿ ਪਾਜੁ ਲਹਿ ਜਾਇ ॥੧॥੫॥

[ਵਾਰ ਗੂਜਰੀ, ਸਲੋਕੁ ਮ: ੩, ਪੰਨਾ ੫੧੦

ਤਥਾ— ਦੁਖ ਵਿਚਿ ਜੰਮੈ ਦੁਖਿ ਮਰੈ ਦੁਖਿ ਵਿਚਿ ਕਾਰ ਕਮਾਇ ॥
ਗਰਭ ਜੋਨੀ ਵਿਚਿ ਕਦੇ ਨ ਨਿਕਲੈ ਬਿਸਟਾ ਮਾਹਿ ਸਮਾਇ ॥੧॥



www.AKJ.Org

ਧ੍ਰਿਗੁ ਧ੍ਰਿਗੁ ਮਨਮੁਖਿ ਜਨਮੁ ਗਵਾਇਆ ॥
ਪੂਰੇ ਗੁਰ ਕੀ ਸੇਵ ਨ ਕੀਨੀ ਹਰਿ ਕਾ ਨਾਮੁ ਨ ਭਾਇਆ ॥੧॥ਰਹਾਉ॥
[ਭੈਰਉ ਮਹਲਾ ੩, ਪੰਨਾ ੧੧੩੦-੩੧

ਫਿਰ–ਧ੍ਰਿਗ ਤਿਨ੍ਾ ਦਾ ਜੀਵਿਆ ਜੋ ਹਰਿ ਸੁਖੁ ਪਰਹਰਿ ਤਿਆਗਦੇ ਦੁਖੁ ਹਉਮੈ ਪਾਪ ਕਮਾਇ ॥
ਮਨਮੁਖ ਅਗਿਆਨੀ ਮਾਇਆ ਮੋਹਿ ਵਿਆਪੇ ਤਿਨ ਬੂਝ ਨ ਕਾਈ ਪਾਇ ॥੧॥੮॥
ਵਾਰ ਗੂਜਰੀ, ਸਲੋਕੁ ਮ: ੩, ਪੰਨਾ ੫੧੧

**ਬਿਖੁ ਬੀਜਣੇ :**

ਮਨਮੁਖ ਸਦ ਹੀ ਕੂੜੋ ਬੋਲੈ ਬਿਖੁ ਬੀਜੈ ਬਿਖੁ ਖਾਇ ॥
ਜਮ ਕਾਲਿ ਬਾਧਾ ਤ੍ਰਿਸਨਾ ਦਾਧਾ ਬਿਨੁ ਗੁਰ ਕਵਣੁ ਛਡਾਏ ॥੪॥
[ਸੂਹੀ ਮ: ੩ ਅਸਟ:, ਪੰਨਾ ੭੫੩

ਮਨਮੁਖ ਨੂੰ ਸੱਚ ਝੂਠ ਦੀ ਤਮੀਜ਼ ਨਹੀਂ ਹੋ ਸਕਦੀ। "ਨਾਮ ਬਿਨਾ ਸਭਿ ਕੂੜੁ ਗਾਲੀ ਹੋਛੀਆ" ਗੁਰਵਾਕ ਅਨੁਸਾਰ ਮਨਮੁਖ ਦਾ ਸਭੋ ਕੁਝ ਝੂਠ ਵਿਚ ਹੀ ਗਿਣਿਆ ਜਾਂਦਾ ਹੈ। ਉਹ ਝੂਠ ਬੋਲ ਕੇ ਵਿਹੁ ਕੇਵਲ ਖਾ ਨਹੀਂ ਰਿਹਾ ਸਗੋਂ ਅਗੇ ਨੂੰ ਵੀ ਵਿਹੁ ਹੀ ਬੀਜ ਰਿਹਾ ਹੈ। ਐਸੇ ਮਾਇਆ ਰੂਪੀ ਅੱਗ ਦੇ ਸਾੜੇ ਹੋਏ ਤ੍ਰਿਸ਼ਨਾਲੂ ਨੂੰ, ਕਾਲ ਰੂਪੀ ਜਮਾਂ ਦੇ ਬੰਨ੍ਹੇ ਹੋਏ ਨੂੰ, ਬਿਨਾਂ ਗੁਰੂ ਤੋਂ ਕੋਈ ਨਹੀਂ ਛੁਡਾ ਸਕਦਾ। ਜੈਸ ਧੁਰ ਦਾ ਹੁਕਮ ਹੈ :–

ਪੁਤ੍ਰ ਕਲਤ੍ਰ ਜਗਿ ਹੇਤੁ ਪਿਆਰਾ ॥ ਮਾਇਆ ਮੋਹੁ ਪਸਰਿਆ ਪਾਸਾਰਾ ॥
ਜਮ ਕੇ ਫਾਹੇ ਸਤਿਗੁਰਿ ਤੋੜੇ ਗੁਰਮੁਖਿ ਤਤੁ ਬੀਚਾਰਾ ਹੇ ॥੯॥
[ਮਾਰੂ ਮਹਲਾ ੧, ਪੰਨਾ ੧੦੨੯

ਅਤੇ–ਜਿਨਾ ਅੰਤਰਿ ਲੋਭ ਵਿਕਾਰੁ ਹੈ ਦੂਜੈ ਭਾਇ ਖੁਆਇ ॥
ਜੰਮਣੁ ਮਰਣੁ ਨ ਚੁਕਈ ਹਉਮੈ ਵਿਚਿ ਦੁਖੁ ਪਾਇ ॥
ਜਿਨਾ ਸਤਿਗੁਰ ਸਿਉ ਚਿਤੁ ਲਾਇਆ ਸੁ ਖਾਲੀ ਕੋਈ ਨਾਹਿ ॥
ਤਿਨ ਜਮ ਕੀ ਤਲਬ ਨ ਹੋਵਈ ਨਾ ਓਇ ਦੁਖ ਸਹਾਹਿ ॥੨॥੧੮॥
ਵਾਰ ਗੂਜਰੀ ਮ: ੩, ਪੰਨਾ ੫੧੬

**ਭਰਮ ਭੁਲਾਣੇ :**

ਮਨਮੁਖ ਭਰਮਿ ਭੁਲਾਣਾ ਨਾ ਤਿਸੁ ਰੰਗੁ ਹੈ ॥
ਮਰਸੀ ਹੋਇ ਵਿਡਾਣਾ ਮਨਿ ਤਨਿ ਭੰਗੁ ਹੈ ॥੬॥ (੮॥੧॥੩)
[ਸੂਹੀ ਮ: ੧ ਕਾਫੀ, ਪੰਨਾ ੭੫੨

ਭਰਮਾਂ ਵਹਿਮਾਂ ਵਿਚ ਫਸੇ ਹੋਏ ਮਨਮੁਖਾਂ ਨੂੰ ਆਪੋਂ ਨਾਮ ਦਾ ਰੰਗ ਕਦੇ ਨਹੀਂ ਲਗ ਸਕਦਾ। ਓਹ ਬੇਗਾਨੇ ਸਦਾ ਦੁਖਾਂ ਬਿਘਨਾਂ ਵਿਚ ਹੀ ਫਸੇ ਹੋਏ ਅਗੇ ਚਲਦੇ ਬਣਦੇ ਹਨ। ਜੇ ਓਹਨਾਂ ਨੇ ਭਰਮਾਂ ਵਹਿਮਾਂ ਵਿਚੋਂ ਨਿਕਲ ਕੇ, ਦੁਖਾਂ ਕਲੇਸ਼ਾਂ ਤੋਂ ਬੰਦ-ਖਲਾਸੀ ਕਰਵਾ ਕੇ, ਜੰਮਣ ਮਰਨ ਤੋਂ ਰਹਿਤ ਹੋਣਾ ਹੈ ਤਾਂ ਓਹ ਫ਼ੌਰਨ ਸਤਿਗੁਰੂ ਨੂੰ ਆ ਮਿਲਣ। ਜੈਸੇ ਗੁਰ-ਫੁਰਮਾਨ ਹੈ :–

ਗੁਰਿ ਅੰਮ੍ਰਿਤੁ ਹਰਿ ਮੁਖਿ ਚੋਇਆ ਮੇਰੀ ਜਿੰਦੁੜੀਏ ਫਿਰਿ ਮਰਦਾ ਬਹੁੜਿ ਜੀਵਾਇਆ ਰਾਮ ॥
ਜਨ ਨਾਨਕ ਸਤਿਗੁਰ ਜੋ ਮਿਲੇ ਮੇਰੀ ਜਿੰਦੁੜੀਏ ਤਿਨ ਕੇ ਸਭ ਦੁਖ ਗਵਾਇਆ ਰਾਮ ॥੩॥
[ਬਿਹਾਗੜਾ ਮਹਲਾ ੪, ਪੰਨਾ ੫੩੯


www.AKJ.Org

# ਮਨੁ ਦੇ ਰਾਮੁ ਲੀਆ ਹੈ ਮੋਲਿ

[ਗਉੜੀ ਕਬੀਰ ਜੀ]

[ਵਲੋਂ—ਪ੍ਰੋਫੈਸਰ ਸਾਹਿਬ ਸਿੰਘ ਜੀ, ਡੀ. ਲਿਟ.]

ਸੰਮਤ ੧੭੬੨ ਦਾ ਜ਼ਿਕਰ ਹੈ। ਕਲਗੀਧਰ ਪਾਤਿਸ਼ਾਹ ਗੁਰੂ ਗੋਬਿੰਦ ਸਿੰਘ ਜੀ ਮੁਕਤਸਰ ਸਾਹਿਬ ਦੇ ਜੁੱਧ ਤੋਂ ਪਿਛੋਂ ਤਲਵੰਡੀ ਸਾਬੋ ਕੀ ਟਿਕੇ ਹੋਏ ਸਨ। ਇਹ ਥਾਂ ਰਿਆਸਤ ਪਟਿਆਲਾ ਵਿਚ ਹੈ, ਤੇ ਹੁਣ ਇੱਥੇ ਗੁਰਦੁਆਰਾ ਸ੍ਰੀ ਦਮਦਮਾ ਸਾਹਿਬ ਹੈ। ਤਲਵੰਡੀ ਦਾ ਚੌਧਰੀ ਡੱਲਾ ਬਾਹਰੇ ਵਿਚ ਬੜਾ ਤੁਰਨੇ-ਸਿਰ ਆਦਮੀ ਸੀ। ਇਸ ਨੇ ਬੜੇ ਪਿਆਰ ਨਾਲ ਸਤਿਗੁਰੂ ਜੀ ਦੀ ਸੇਵਾ ਕੀਤੀ। ਸਰਹੰਦ ਦੇ ਸੂਬੇ ਵਜ਼ੀਰ ਖ਼ਾਂ ਨੇ—ਜੋ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦਾ ਅੱਤ ਨੀਵਾਂ ਕੁਕਰਮ ਕਰ ਚੁਕਾ ਹੋਇਆ ਸੀ ਤੇ ਹੁਣ ਉਸ ਨੀਚ ਕਰਮ ਦੇ ਕਾਂਬੇ ਦਾ ਮਾਰਿਆ ਹੋਇਆ ਸਤਿਗੁਰੂ ਜੀ ਦਾ ਜਾਨੀ ਵੈਰੀ ਬਣਿਆ ਹੋਇਆ ਸੀ—ਉਸ ਵਜ਼ੀਰ ਖਾਂ ਨੇ ਚੌਧਰੀ ਡੱਲੇ ਨੂੰ ਕਈ ਡਰਾਵੇ ਦੇ ਭੇਜੇ ਕਿ ਤੂੰ ਮੁਗਲ ਬਾਦਸ਼ਾਹ ਦੇ ਬਾਗੀ ਗੁਰੂ ਨੂੰ ਸਾਡੇ ਹਵਾਲੇ ਕਰ ਦੇ। ਪਰ ਚੌਧਰੀ ਡੱਲਾ ਸਿਦਕ ਵਿਚ ਸਾਬਤ ਟਿਕਿਆ ਰਿਹਾ। ਤਲਵੰਡੀ ਤੋਂ ਸਰਹੰਦ ਦੀ ਵਿੱਥ ਮਸਾਂ ਸੌ ਕੁ ਮੀਲ ਹੋਵੇਗੀ। ਸੂਬੇ ਦੇ ਦਾਬੇ-ਡਰਾਵੇ ਫੋਕੇ ਹੀ ਨਹੀਂ ਸਨ। ਇਕ ਵਾਰੀ ਤਾਂ ਉਹ ਸਤਿਗੁਰੂ ਜੀ ਦਾ ਪਿੱਛਾ ਕਰ ਕੇ ਖਿਦਰਾਣੇ ਦੀ ਢਾਬ ਤਕ ਫ਼ੌਜ ਲੈ ਕੇ ਆਇਆ ਭੀ ਸੀ, ਪਰ ਤਦੋਂ ਉਸ ਨੂੰ ਭਾਂਜ ਖਾਣੀ ਪਈ ਸੀ। ਚੌਧਰੀ ਡੱਲੇ ਨੇ ਆਪਣੀ ਜਾਇਦਾਦ, ਆਪਣੀ ਜਾਨ ਤੇ ਆਪਣੀ ਦੁਨਿਆਵੀ ਇੱਜ਼ਤ ਨੂੰ ਖ਼ਤਰੇ ਵਿਚ ਪਾ ਲਿਆ, ਪਰ ਉਹ ਗੁਰੂ ਪਾਤਿਸ਼ਾਹ ਜੀ ਦੀ ਸੇਵਾ ਕਰਨ ਤੋਂ ਰਤਾ ਨਾ ਡੋਲਿਆ।

ਇਕ ਦਿਨ ਚੌਧਰੀ ਡੱਲੇ ਦੀ ਇਸ ਸੇਵਾ ਤੇ ਪ੍ਰਸੰਨ ਸਤਿਗੁਰੂ ਜੀ ਨੇ ਉਸ ਨੂੰ ਆਖਿਆ ਕਿ ਕੋਈ ਮਨ-ਲੋੜੀਂਦੀ ਦੁਨਿਆਵੀ ਵਡੱਪਣ ਦੱਸ, ਜੋ ਗੁਰੂ ਨਾਨਕ ਪਾਤਿਸ਼ਾਹ ਦੇ ਦਰ ਤੋਂ ਲੈ ਕੇ ਦੇਣ ਵਾਸਤੇ ਅਰਦਾਸ ਕਰੀਏ। ਡੱਲੇ ਨੇ ਹੱਥ ਜੋੜ ਕੇ ਅਰਜ਼ ਕੀਤੀ, "ਪਾਤਿਸ਼ਾਹ! ਦੁਨੀਆ ਦਾ ਰਾਜ-ਭਾਗ ਬਾਗ-ਪਰਵਾਰ ਸਭ ਕੁਝ ਮਿਲਿਆ ਹੋਇਆ ਹੈ। ਜੇ ਤੁਸੀ ਮਿਹਰ ਕਰਨ ਲੱਗੇ ਹੋ ਤਾਂ ਆਪਣੇ ਚਰਨਾਂ ਵਿਚ ਬੈਠਣ ਲਈ ਇਕ ਪੀੜ੍ਹੀ ਜਿਤਨਾ ਥਾਂ ਦਿਉ। ਸਤਿਗੁਰੂ ਜੀ ਨੇ ਡੱਲੇ ਦੀ ਇਹ ਮੰਗ ਪੂਰੀ ਕਰਨ ਤੋਂ ਨਾਂਹ ਕਰ ਦਿੱਤੀ ਤੇ ਆਖਿਆ ਕਿ ਤੂੰ ਗੁਰੂ ਦੀ ਸੇਵਾ ਵਿਚ ਸਿਰਫ ਆਪਣੀ 'ਦੁਨੀਆ' ਭੇਟਾ ਕੀਤੀ ਹੈ; 'ਦੁਨੀਆ' ਦੇ ਵੱਟੇ 'ਦੁਨੀਆ' ਹੀ ਦਿੱਤੀ ਜਾ ਸਕਦੀ ਹੈ। ਤੇ ਗੁਰੂ ਦੇ ਨੇੜੇ ਹੋਣ ਲਈ ਸਰੀਰਕ ਨੇੜਤਾ ਕੁਝ ਨਹੀਂ ਸਵਾਰ ਸਕਦੀ। ਬਾਣੀ ਵਿਚ ਸਾਹਿਬ ਗੁਰੂ ਅਮਰਦਾਸ ਜੀ ਨੇ ਫ਼ੁਰਮਾਇਆ ਭੀ ਹੈ:

ਗੁਰ ਸਭਾ ਏਵ ਨ ਪਾਈਐ, ਨਾ ਨੇੜੈ ਨਾ ਦੂਰਿ॥
ਨਾਨਕ ਸਤਿਗੁਰੁ ਤਾਂ ਮਿਲੈ, ਜਾ ਮਨੁ ਰਹੈ ਹਦੂਰਿ ॥੨॥(੪)

[ਸਿਰੀਰਾਗ ਕੀ ਵਾਰ, ਪੰਨਾ ੮੪

ਦੁਨੀਆ ਦਾ ਹਰੇਕ ਵਪਾਰੀ ਇਹ ਗੱਲ ਜਾਣਦਾ ਹੈ ਕਿ ਹਰੇਕ ਸ਼ੈ ਦਾ ਆਪੋ ਆਪਣਾ ਮੁੱਲ ਹੁੰਦਾ ਹੈ। ਕੋਈ ਸੌਦਾ-ਪੱਤਰ ਖਰੀਦਣ ਲਗੇ ਅਸੀ ਸਾਵੇਂ ਮੁੱਲ ਦੀਆਂ ਚੀਜ਼ਾਂ ਹੀ ਵਟਾਂਦੇ ਹਾਂ। ਗਾਹਕ ਹੱਥੋਂ ਨਕਦੀ ਦੇਂਦਾ ਹੈ ਤੇ ਸੌਦਾ-ਸੂਤ ਲੈਂਦਾ ਹੈ; ਹਟਵਾਣੀਆ ਸੌਦਾ ਦੇਂਦਾ ਹੈ ਤੇ ਉਸ ਦੇ ਵੱਟੇ ਦੀ ਨਕਦੀ ਲੈਂਦਾ ਹੈ। ਇਹ ਢੰਗ ਸਾਰੀ ਧਰਤੀ ਉੱਤੇ ਹੀ ਵਰਤੀਂਦਾ ਹੈ, ਤੇ ਇਸ ਨੂੰ ਹਰ ਕੋਈ ਠੀਕ ਸਮਝਦਾ ਤੇ ਆਖਦਾ ਹੈ।

ਆਤਮਕ ਦੁਨੀਆ ਵਿਚ ਭੀ ਆਤਮਕ ਸ਼ਇਆਂ ਦੇ ਵਪਾਰੀ ਆਤਮਕ ਸੌਦਾ ਖ਼ਰੀਦਦੇ ਹਨ। ਉੱਥੇ ਭੀ ਇਹੀ ਤਰੀਕਾ ਹੈ ਕਿ ਸਾਵੇਂ ਮੁੱਲ ਦੀਆਂ ਚੀਜ਼ਾਂ ਵਟਾਈ ਦੀਆਂ ਹਨ। ਪਰ ਆਤਮਕ ਗੁਣ ਤੇ ਦੁਨੀਆਵੀ



www.AKJ.Org

ਪਦਾਰਥ ਦੋ ਵਖੋ ਵਖ ਕਿਸਮ ਦੇ ਤੇ ਵਖ ਵਖ ਮੁੱਲ ਦੇ ਸੌਦੇ ਹਨ। ਇਹਨਾਂ ਦਾ ਆਪੋ ਵਿਚ ਵਟਾਂਦਰਾ ਨਹੀਂ ਹੋ ਸਕਦਾ। ਪ੍ਰੇਮ ਇਕ ਆਤਮਕ ਵੱਖਰ ਹੈ, ਜਿਸ ਵਪਾਰੀ ਨੇ ਇਹ ਵੱਖਰ ਮੁੱਲ ਲੈਣਾ ਹੋਵੇ, ਉਸ ਨੂੰ ਮੁੱਲ ਵਜੋਂ ਉਹੀ ਨਕਦੀ ਦੇਣੀ ਪਏਗੀ ਜੋ ਆਤਮਕ ਦੁਨੀਆ ਦੀ ਮੰਡੀ ਵਿਚ ਚਲ ਸਕਦੀ ਹੈ। ਇਕ ਆਦਮੀ ਦਸ ਰੁਪਏ ਲੈ ਕੇ ਬਾਜ਼ਾਰੋਂ ਆਟਾ ਖ਼ਰੀਦ ਸਕਦਾ ਹੈ, ਕੱਪੜਾ ਮੁੱਲ ਲੈ ਸਕਦਾ ਹੈ, ਕਿਤਾਬਾਂ ਲੈ ਸਕਦਾ ਹੈ। ਦਸ ਰੁਪਏ ਦੇ ਕੇ ਉਹ ਦਸਾਂ ਰੁਪਇਆਂ ਦਾ ਆਟਾ ਕਪੜਾ ਕਿਤਾਬਾਂ ਆਦਿਕ ਲੈ ਲਏਗਾ, ਪਰ ਜੇ ਉਹ ਬੰਦਾ ਇਹੀ ਦਸ ਰੁਪਏ ਲੈ ਕੇ ਕਿਤੋਂ ਸਤ ਸੰਤੋਖ ਦਇਆ ਧਰਮ ਗਰੀਬੀ ਆਦਿਕ ਖ਼ਰੀਦਣ ਚੜ੍ਹ ਪਏ, ਤਾਂ ਉਸ ਨੂੰ ਇਹ ਉੱਤਰ ਮਿਲੇਗਾ ਕਿ ਇਹ ਆਤਮਕ ਸ਼ਇਆਂ ਰੁਪਇਆਂ ਤੋਂ ਨਹੀਂ ਮਿਲ ਸਕਦੀਆਂ। ਆਤਮਕ ਸ਼ਇਆਂ ਤੇ ਦੁਨਿਆਵੀ ਚੀਜ਼ਾਂ ਦੇ ਸੁਭਾਵ ਆਪੋ ਵਿਚ ਨਹੀਂ ਰਲਦੇ, ਕਦੇ ਭੀ ਨਹੀਂ ਰਲ ਸਕਦੇ, ਇਹ ਆਪੋ ਵਿਚ ਵਟਾਈਆਂ ਨਹੀਂ ਜਾ ਸਕਦੀਆਂ। ਸਾਹਿਬ ਗੁਰੂ ਅਰਜਨ ਦੇਵ ਜੀ ਇਸ ਬਾਰੇ ਫ਼ੁਰਮਾਂਦੇ ਹਨ :

ਸੰਮਨ ਜਉ ਇਸੁ ਪ੍ਰੇਮ ਕੀ, ਦਮ ਕ੍ਹਿਹੂ ਹੋਤੀ ਸਾਟ ॥
ਰਾਵਨ ਹੁਤੇ ਸੁ ਰੰਕ ਨਹਿ, ਜਿਨਿ ਸਿਰ ਦੀਨੇ ਕਾਟਿ ॥੧॥

[ਦਮ ਕ੍ਹਿਹੂ–ਦੰਮਾਂ ਤੋਂ, ਧਨ ਤੋਂ। ਸਾਟ––ਵਟਾਂਦਰਾ।]

[ਚਉਬੋਲੇ ਮ: ੫, ਪੰਨਾ ੧੩੬੩

ਰੁਪਇਆਂ ਦੇ ਵੱਟੇ ਧਰਮ ਸੰਤੋਖ ਆਦਿਕ ਖ਼ਰੀਦਣ ਚੜ੍ਹੇ ਮਨੁੱਖ ਨੂੰ ਕੋਈ ਗਿਆਨਵਾਨ ਮਨੁੱਖ ਇਹ ਮੱਤ ਭੀ ਜ਼ਰੂਰ ਦੇਵੇਗਾ ਕਿ ਭਾਈ! ਇਹ ਗੁਣ ਵਿਹਾਝਣੇ ਜ਼ਰੂਰ ਚਾਹੀਦੇ ਹਨ, ਭਾਵੇਂ ਇਹ ਗੱਲ ਠੀਕ ਹੈ ਕਿ ਇਹ ਆਤਮਕ ਪਦਾਰਥ ਸੋਨੇ ਤੇ ਰੁਪਇਆਂ ਤੋਂ ਨਹੀਂ ਮਿਲ ਸਕਦੇ, ਫਿਰ ਭੀ ਇਹਨਾਂ ਨੂੰ ਖ਼ਰੀਦਣ ਲਈ ਕੁਝ ਨਾ ਕੁਝ ਦੇਣਾ ਹੀ ਪੈਂਦਾ ਹੈ। ਰੁਪਏ ਦੇ ਥਾਂ ਆਪਾ ਦੇਣਾ ਪੈਂਦਾ ਹੈ, ਸੁਆਰਥ ਦੇਣਾ ਪੈਂਦਾ ਹੈ। ਜਿਤਨਾ ਕੁ ਸੁਆਰਥ ਛੱਡੋਗੇ, ਉਤਨਾ ਕੁ ਧਰਮ, ਉਤਨਾ ਕੁ ਗਿਆਨ ਤੇ ਉਤਨਾ ਕੁ ਆਤਮਕ ਅਨੰਦ ਮਿਲ ਜਾਏਗਾ। ਮਿਲੇਗਾ ਭੀ ਤੁਰਤ ਉਸ ਵੇਲੇ, ਤੇ ਮਿਲੇਗਾ ਭੀ ਜ਼ਰੂਰ। ਧਨ ਦੇ ਵੱਟੇ ਆਤਮਕ ਜੀਵਨ, ਧਨ ਦੇ ਬਦਲੇ ਪ੍ਰਭੂ ਦਾ ਪਿਆਰ ਵਿਹਾਝਣ ਵਾਲੇ ਹੀ ਕਿਸੇ ਭੁੱਲੜ ਨੂੰ ਕਬੀਰ ਜੀ ਨੇ ਆਖਿਆ ਸੀ :

ਕੰਚਨ ਸਿਉ ਪਾਈਐ ਨਹੀ ਤੋਲਿ ॥ ਮਨੁ ਦੇ ਰਾਮੁ ਲੀਆ ਹੈ ਮੋਲਿ ॥੧॥
ਅਬ ਮੋਹਿ ਰਾਮੁ ਅਪੁਨਾ ਕਰਿ ਜਾਨਿਆ ॥ ਸਹਜ ਸੁਭਾਇ ਮੇਰਾ ਮਨੁ ਮਾਨਿਆ ॥੧॥ਰਹਾਉ॥
ਬ੍ਰਹਮੈ ਕਥਿ ਕਥਿ ਅੰਤੁ ਨ ਪਾਇਆ ॥ ਰਾਮ ਭਗਤਿ ਬੈਠੇ ਘਰਿ ਆਇਆ ॥੨॥
ਕਹੁ ਕਬੀਰ ਚੰਚਲ ਮਤਿ ਤਿਆਗੀ ॥ ਕੇਵਲ ਰਾਮ ਭਗਤਿ ਨਿਜ ਭਾਗੀ ॥੩॥੧॥੧੯॥

[ਗਉੜੀ, ਪੰਨਾ ੩੨੭

ਇਸ ਸ਼ਬਦ ਦਾ ਭਾਵ ਇਹ ਹੈ ਕਿ ਧਨ ਪਦਾਰਥ ਦੇ ਵੱਟੇ ਪਰਮਾਤਮਾ ਦਾ ਨਾਮ ਨਹੀਂ ਮਿਲ ਸਕਦਾ। ਜਿਸ ਮਨੁੱਖ ਨੇ ਆਪਾ ਭਾਵ ਦੂਰ ਕੀਤਾ ਹੈ ਉਸ ਨੂੰ ਸਹਿਜ ਸੁਭਾਇ ਹੀ ਪ੍ਰਭੂ ਆ ਮਿਲਦਾ ਹੈ। ਇਸ ਵੱਖਰ ਦੇ ਖ਼ਰੀਦਣ ਲਈ ਮਨ ਦੀ ਚੰਚਲਤਾ ਦੇਣੀ ਪੈਂਦੀ ਹੈ। .......

ਇਸ ਰਣ-ਭੂਮੀ ਵਿਚ ਕੋਈ ਦਮ ਨਹੀਂ ਮਾਰ ਸਕਦਾ, ਇਥੇ ਤਿਲ੍ਹਕਣ-ਬਾਜ਼ੀ ਬਹੁਤ ਹੈ। ਅੰਦਰੋਂ ਹੀ ਬੇ-ਮਲੂਮੇ ਜਿਹੇ ਉਹ ਪੁਰਾਣੇ ਚਸਕੇ ਮੁੜ ਮੁੜ ਝਾਤੀਆਂ ਮਾਰਨ ਦੀ ਕੋਸ਼ਸ਼ ਕਰਦੇ ਹਨ, ਤੇ, ਰਤਾ ਕੁ ਜਿੰਨਾ ਵੀ ਅਵੇਸਲਾ-ਪਨ ਸਾਰੀ ਬਣੀ ਬਣਾਈ ਖੇਡ ਨੂੰ ਢਾਹ ਸਕਦਾ ਹੈ। ਤਾਹੀਏਂ ਭਗਤ ਰਵਿਦਾਸ ਜੀ ਇਸ ਖਤਰੇ ਵਲੋਂ ਸੁਚੇਤ ਕਰਦੇ ਹਨ, ਤੇ ਆਖਦੇ ਹਨ ਕਿ ਮਹਿੰਗੇ ਮੁੱਲ ਖਰੀਦੇ ਹੋਏ ਇਸ ਸੌਦੇ ਦੀ ਜੇ ਖਾਸ ਧਿਆਨ ਨਾਲ ਰਾਖੀ ਨਾ ਕੀਤੀ ਗਈ ਤਾਂ ਪਤਾ ਨਹੀਂ ਕਿਹੜੇ ਵੇਲੇ ਇਹ ਸਾਰੇ ਦਾ ਸਾਰਾ ਹੀ ਲੁੱਟਿਆ ਜਾਏ। ਭਗਤ ਜੀ ਲਿਖਦੇ ਹਨ :–


www.AKJ.Org

ਚਿਤਿ ਸਿਮਰਨ ਕਰਉ, ਨੈਨ ਅਵਿਲੋਕਨੋ, ਸ੍ਰਵਨ ਬਾਨੀ ਸੁਜਸੁ ਪੂਰਿ ਰਾਖਉ ॥
ਮਨੁ ਸੁ ਮਧੁਕਰੁ ਕਰਉ, ਚਰਨ ਹਿਰਦੇ ਧਰਉ, ਰਸਨ ਅੰਮ੍ਰਿਤ ਰਾਮ ਨਾਮ ਭਾਖਉ ॥੧॥
ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ ॥
ਮੈ ਤਉ ਮੋਲਿ ਮਹਗੀ ਲਈ ਜੀਅ ਸਟੈ ॥੧॥ਰਹਾਉ॥
ਸਾਧ ਸੰਗਤਿ ਬਿਨਾ ਭਾਉ ਨਹੀ ਊਪਜੈ, ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥
ਕਹੈ ਰਵਿਦਾਸੁ ਇਕ ਬੇਨਤੀ ਹਰਿ ਸਿਉ, ਪੈਜ ਰਾਖਹੁ ਰਾਜਾ ਰਾਮ ਮੇਰੀ ॥੨॥੨॥

[ਜਿਨਿ–ਮਤਾਂ। ਜਿਨਿ ਘਟੈ–ਮਤਾਂ ਘਟ ਜਾਏ, ਕਿਤੇ ਘਟ ਨ ਜਾਏ।] [ਧਨਾਸਰੀ, ਪੰਨਾ ੬੯੪

ਭਾਵ, ਮੈਨੂੰ ਡਰ ਰਹਿੰਦਾ ਹੈ ਕਿ ਗੋਬਿੰਦ ਨਾਲ ਮੇਰੀ ਪ੍ਰੀਤ ਕਿਤੇ ਘਟ ਨਾ ਜਾਏ, ਮੈਂ ਤਾਂ ਬੜੇ ਮਹਿੰਗੇ ਮੁੱਲ ਇਹ ਪ੍ਰੀਤ ਲਈ ਹੈ, ਜਿੰਦ ਦੇ ਕੇ ਇਹ ਪ੍ਰੀਤ ਵਿਹਾਝੀ ਹੈ।

ਤਾਹੀਏਂ ਮੇਰੀ ਅਰਜ਼ੋਈ ਹੈ ਕਿ ਮੈਂ ਚਿਤ ਨਾਲ ਪ੍ਰਭੂ ਦਾ ਸਿਮਰਨ ਕਰਦਾ ਰਹਾਂ, ਅੱਖਾਂ ਨਾਲ ਹਰ ਥਾਂ ਉਸ ਦਾ ਦੀਦਾਰ ਕਰਦਾ ਰਹਾਂ, ਕੰਨਾਂ ਵਿਚ ਉਸ ਦੀ ਬਾਣੀ, ਉਸ ਦਾ ਸੋਹਣਾ ਜਸ ਭਰੀ ਰੱਖਾਂ, ਆਪਣੇ ਮਨ ਨੂੰ ਭੌਰਾ ਬਣਾਈ ਰਖਾਂ, ਉਸ ਦੇ ਚਰਨ ਕਮਲ ਹਿਰਦੇ ਵਿਚ ਟਿਕਾਈ ਰਖਾਂ, ਤੇ ਜੀਭ ਨਾਲ ਉਸ ਪ੍ਰਭੂ ਦਾ ਅਮਰ ਕਰਨ ਵਾਲਾ ਨਾਮ ਉਚਾਰਦਾ ਰਹਾਂ।

ਪਰ ਇਹ ਪ੍ਰੀਤ ਸਾਧ ਸੰਗਤ ਤੋਂ ਬਿਨਾਂ ਪੈਦਾ ਨਹੀਂ ਹੋ ਸਕਦੀ ! ਤੇ ਹੇ ਪ੍ਰਭੂ ! ਪ੍ਰੀਤ ਤੋਂ ਬਿਨਾਂ ਤੇਰ ਭਗਤੀ ਨਹੀਂ ਹੋ ਸਕਦੀ। ਰਵਿਦਾਸ ਪ੍ਰਭੂ ਅਗੇ ਇਕ ਅਰਦਾਸ ਕਰਦਾ ਹੈ–ਹੇ ਮੇਰੇ ਰਾਜਨ ! ਹੇ ਮੇਰੇ ਰਾਮ ! ਮੈਂ ਤੇਰੀ ਸ਼ਰਨ ਆਇਆ ਹਾਂ ਮੇਰੀ ਲਾਜ ਰਖੀਂ।

ਮੁਕਦੀ ਗੱਲ, ਆਤਮਕ ਗੁਣਾਂ ਦਾ ਸੌਦਾ ਸਾਧ ਸੰਗਤ ਦੇ ਹੱਟ ਤੋਂ ਹੀ ਵਿਹਾਝਿਆ ਜਾ ਸਕਦਾ ਹੈ। ਇਸ ਸੌਦੇ ਨੂੰ ਲੁੱਟੇ ਜਾਣ ਤੋਂ ਬਚਾਣ ਲਈ ਨਿਤ ਸਤਸੰਗ ਕਰਨਾ ਹੈ, ਜੀਭ ਨਾਲ ਆਤਮਕ ਗੁਣਾਂ ਦੇ ਸੋਮੇ ਪਰਮਾਤਮਾ ਨੂੰ ਯਾਦ ਕਰਦੇ ਰਹਿਣਾ ਹੈ, ਅੱਖਾਂ ਨਾਲ ਹਰ ਥਾਂ ਉਸੇ ਨੂੰ ਹੀ ਵੇਖਣਾ ਹੈ, ਕੋਈ ਮਾੜਾ ਨਾ ਦਿਸੇ, ਕਿਸੇ ਨਾਲ ਵੈਰ-ਵਿਰੋਧ ਨਾ ਹੋਵੇ, ਕਿਸੇ ਨਾਲ ਠੱਗੀ-ਫ਼ਰੇਬ ਨਾ ਕਰੀਏ, ਸਭ ਦਾ ਭਲਾ ਲੋੜੀਏ ਕਿ ਕੋਈ ਗਰੀਬੀ ਤੇ ਅਨਪੜ੍ਹਤਾ ਵਿਚ ਰੁਲਦਾ ਨਾ ਰਹਿ ਜਾਏ, ਤੇ ਇਸ ਤਰ੍ਹਾਂ ਕਿਸੇ ਦੀ ਨਿੰਦਿਆ ਕੰਨਾਂ ਦੇ ਨੇੜੇ ਨਹੀਂ ਆਉਣ ਦੇਣੀ।

["ਸਰਬੱਤ ਦਾ ਭਲਾ" ਪੁਸਤਕ ਵਿਚੋਂ

---


# ਗੁਰਮਤਿ ਨਾਮ ਅਭਿਆਸ ਕਮਾਈ ਤੇ ਅੰਮ੍ਰਿਤ ਕੀ ਹੈ

ਉਪਰੋਕਤ ਦੋਵੇਂ ਪੁਸਤਕਾਂ ਵੀ ਛਪ ਗਈਆਂ ਹਨ।

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਅੰਮ੍ਰਿਤ ਕੀ ਹੈ ? | ੧-੦੦ |
| ਅਨਹਦ ਸ਼ਬਦ–ਦਸਮ ਦੁਆਰ | ੬-੦੦ | ਜੇਲ੍ਹ ਚਿੱਠੀਆਂ | ਛੇਤੀ ਛਪ ਰਹੀ ਹੈ |
| ਗੁਰਮਤਿ ਕਰਮ ਫ਼ਿਲਾਸਫ਼ੀ | ੧੩-੫੦ | ਗੁਰਮਤਿ ਲੇਖ | ੫-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੫-੫੦ | ਗੁਰਮਤਿ ਵਿਚਾਰ | ੫-੫੦ |
| ਝਟਕਾ ਮਾਸ ਪ੍ਰਥਾਇ ਨਿਰਣੈ | ੩-੦੦ | ਗੁਰਮਤਿ ਪ੍ਰਕਾਸ਼ | ੩-੭੫ |
| ਗੁਰਮਤਿ ਰਮਜ਼ਾਂ | ੧-੩੦ | ਤਿਮਰ ਅਗਿਆਨ ਤੋਂ ਚਾਨਣਾ | ੦-੨੫ |
| ਅੰਮ੍ਰਿਤ ਕਲਾ | ੦-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ |
| ਉਮਰ ਕੈਦੀ ਦਾ ਸੁਪਨਾ | ੦-੪੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ |
| ਸਬਦੁ ਗੁਰ ਪੀਰਾ | ੦-੪੦ | ਗੁਰਬਾਣੀ ਦੀ ਪਾਰਸ ਕਲਾ | ੦-੪੦ |
| ਕੀ ਕੇਸ ਰਖਣੇ ਜ਼ਰੂਰੀ ਹਨ ? | ੦-੩੦ | ਗੁਰਮਤਿ ਅਨਹਦ ਸ਼ਬਦ | ੦-੨੫ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੪੦ | ਜੀਵਨ ਚਰਿਤ੍ਰ ਭਾ: ਰਣਧੀਰ ਸਿੰਘ ਜੀ | ੧-੦੦ |
| ਵੈਸਾਖੀ ਦਾ ਖ਼ੂਨੀ ਸਾਕਾ ਤੇ ਸ਼ਹੀਦੀ ਜੀਵਨ | ੧-੫੦ | ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੦-੫੦ |





www.AKJ.Org

# ਮਲ੍ਹਮ ਦੀ ਡੱਬੀ

[ਇਕ ਮੈਦਾਨੇ ਜੰਗ ਦਾ ਨਜ਼ਾਰਾ]

ਮਾ: ਮਾਘ ਸਿਘ ਜੀ ਬੈਂਕੋਕ ਵਾਲੇ, ਸਮਾਧ ਭਾਈ

ਵੇਖੋ ਸੱਚੇ ਪਾਤਸ਼ਾਹ, ਅਹੁ ਕੀ ਨਜ਼ਾਰਾ !
ਘਨੱਈਆ ਤੁਹਾਡਾ ਲਾਡਲਾ, ਕੀ ਕਰ ਰਿਹਾ ਕਾਰਾ !
ਸੀ ਹੁਕਮ ਤੁਹਾਡਾ ਓਸ ਨੂੰ, ਬਈ ਜੰਗ ਦੇ ਅੰਦਰ,
ਜ਼ਖਮੀ ਸਿੰਘ ਸੰਭਾਲਣਾ, ਜਲ ਸੇਵਾ ਦਵਾਰਾ । ੧ ।

ਮੋਢੇ ਭਰ ਭਰ ਮਸ਼ਕ ਉਹ, ਜਲ ਲਿਆਈ ਜਾਂਦੈ ।
ਰਣ-ਤੱਤੇ ਵਿਚ ਵੈਰੀਆਂ, ਵੀ ਪੀਆਈ ਜਾਂਦੈ ।
ਵੈਰੀ ਜਿਸ ਨੂੰ ਘਾਇਲ ਕਰ, ਅਸੀਂ ਸੁਟੀਏ ਧਰ ਤੇ,
ਪਾਣੀ ਉਸ ਨੂੰ ਪਿਆ ਕੇ, ਜੀਵਾਈ ਜਾਂਦੈ । ੨ ।

ਡਿਗਿਆ ਵੈਰੀ ਖੜਾ ਹੋ, ਤੇ ਮਾਰ ਲਲਕਾਰਾ ।
ਆਉਂਦੇ ਫੇਰ ਉਹ ਸਾਹਮਣੇ, ਕੁਝ ਹੋ ਕਰਾਰਾ ।
ਇਹ ਨਾ ਨੀਤੀ ਜੰਗ ਦੀ, ਉਸ ਨੂੰ ਸਮਝਾਓ,
ਇਸ ਨਾਲ ਪਾਸਾ ਦੁਸ਼ਮਣਾਂ, ਹੋ ਜਾਊ ਭਾਰਾ । ੩ ।

ਸੁਣ ਕੇ ਅਰਜ਼ੀ ਸਿਖ ਦੀ, ਸੀ ਸਤਿਗੁਰੂ ਹੱਸੇ ।
ਤੁਰਤ ਘਨੱਈਆ ਸੱਦਿਆ, ਕਿ ਆ ਕੇ ਦੱਸੇ ।
ਕਿਉਂ ਉਹ ਜ਼ਖਮੀ ਵੈਰੀਆਂ, ਵੀ ਜਲ ਛਕਾਵੇ,
ਕਿਉਂ ਉਸ ਗ਼ੈਰ ਤੇ ਆਪਣੇ, ਬੰਨ੍ਹੇ ਇਕ ਰੱਸੇ । ੪ ।

ਮੋਢੇ ਮਸ਼ਕ ਸੰਭਾਲਦਾ, ਘਨੱਈਆ ਸੀ ਆਇਆ ।
ਫਤਹ ਬੁਲਾ ਕੇ ਵਾਹਿਗੁਰੂ, ਉਸ ਸੀਸ ਨਿਵਾਇਆ ।
ਤਾਂ ਸਤਿਗੁਰ ਅਗੋਂ ਪੁਛਿਆ, ਓ ਸਿੱਖਾ ਦੱਸੀਂ,
ਕੀ ਕਾਰਨ ਤੂੰ ਦੁਸ਼ਮਣਾਂ, ਵੀ ਜਲ ਛਕਾਇਆ ? ੫ ।

ਹੱਥ ਜੋੜ ਉਹ ਬੋਲਿਆ, ਓ ਮਾਲਕ ਮੇਰੇ ।
ਭੁਲ ਹੋਈ ਤਾਂ ਬਖਸ਼ ਲਈਂ, ਸਭ ਅਉਗਣ ਮੇਰੇ ।
'ਪਰ' ਜੰਗ ਵਿਚ ਜ਼ਖਮੀ ਕੋਈ ਵੀ, ਨ ਵੈਰੀ ਡਿਠਾ,
ਸਾਰੇ ਜ਼ਖਮੀ ਇਕ-ਰੂਪ, ਸਨ ਚਾਰ-ਚੁਫੇਰੇ । ੬ ।

ਇਕੋ ਤੜਫਨ ਪੀੜ ਸੀ, ਤਰਲਾ ਤੇ ਆਹਾਂ ।
ਦਰਦ-ਕਹਾਣੀ ਇਕ ਸੀ, ਸਭ ਟੁਟਦੇ ਸਾਹਾਂ ।
ਘਟ ਪਾਣੀ ਜਾਂ ਮੰਗਦੇ, ਕਹਿ ਗੁਰੂ ਦਿਆ ਸਿੱਖਾ,
ਭੁਲ ਜਾਂਦਾ ਸਾਂ ਪਾਤਸ਼ਾਹ, ਮੈਂ ਨੀਤੀ ਰਾਹਾਂ । ੭ ।

ਬੁਲ੍ਹ ਗਿਲੇ ਕੁਝ ਹੋਸ਼ ਉਨ, ਜਾਂ ਖੁਲ੍ਹਦੀਆਂ ਅੱਖਾਂ ।
ਤਾਂ ਸ਼ੁਕਰ ਗੁਜ਼ਾਰੀਂ ਡੁਲ੍ਹਦੇ, ਭਰ ਹੰਝੂ ਲੱਖਾਂ ।
ਵੈਰੀ ਨਾਹਿ ਬਿਗਾਨੜਾ, ਸਭ ਤੇਰੇ ਦਿਸੇ,
ਮੈਂ ਤੇਰਾ ਰੂਪ ਹੀ ਤਕਿਆ, ਵਿਚ ਓਹਨਾਂ ਅੱਖਾਂ । ੮ ।

ਚੋਜੀ ਸਤਿਗੁਰ ਸੁਣਦਿਆਂ, ਚਿੱਤੋਂ ਹੁਲਸਾਏ ।
ਸਿਖਾਂ ਸਾਰੇ ਬੈਠਿਆਂ, ਇਹ ਸੁਖਨ ਅਲਾਏ :
'ਮਰਨਾ ਸੂਰਿਆਂ ਹੱਕ ਹੈ', ਸੁਣਿਓ ਓ ਸਿੱਖੋ,
ਰਣ ਤੱਤੇ ਇਸੇ ਹੱਕ ਲਈ, ਅਸੀਂ ਜੂਝਣ ਆਏ । ੯ ।

ਪਰ ਸੇਵਾ-ਰੀਤੀ ਹੋਰ ਹੈ, ਜੋ ਘਨੱਈਏ ਕੀਤੀ ।
ਏਥੇ ਵੈਰ ਵਿਰੋਧ ਦੀ, ਕੋਈ ਹੈ ਨਹੀਂ ਨੀਤੀ ।
ਏਥੇ 'ਖਾਲਕੁ ਖਲਕ ਮਹਿ, ਖਲਕ ਵਸੈ ਰਬ ਮਾਹਿ',
ਆਪਾ ਸਭ ਵਿਚ ਵੇਖਣਾ, ਹੈ ਸੇਵਾ-ਰੀਤੀ ।੧੦।

ਇਹ ਕਹਿ ਸਤਿਗੁਰ ਖੀਸਿਓਂ, ਇਕ ਕਢੀ ਡੱਬੀ ।
ਕਿਆ ਅਕਸੀਰ ਦਵਾਈ ਸੀ, ਉਹ ਮਲ੍ਹਮ-ਡੱਬੀ ।
ਹੱਥ ਘਨੱਈਏ ਦੇ ਕਿਹਾ, ਲੈ ਜਾ ਓ ਸਿੱਖਾ,
ਪਾਣੀ ਸੇਵਾ ਨਾਲ ਨਾਲ, ਵਰਤੀਂ ਇਹ ਡੱਬੀ । ੧੧ ।

ਹਰ ਪੀੜਾ ਦੇ ਹਰਨ ਦੀ, ਇਹ ਮਲ੍ਹਮ ਡੱਬੀ ।
ਹਰ ਰੋਗੀ ਦੁਖ-ਭੰਜਨੀ, ਇਹ ਮਲ੍ਹਮ ਡੱਬੀ ।
ਔਸ਼ਧਿਆਲੇ ਪੰਥ ਵਿਚ, ਏਸੇ ਤੋਂ ਬਣਦੇ,
ਕੈਸੀ ਪਿਆਰ ਗੁਰ ਤਰਸ ਦੀ, ਇਹ ਮਲ੍ਹਮ ਡੱਬੀ ।੧੨।

## ਸ਼ੇਰਪੁਰ (ਜਲੰਧਰ) ਵਿਖੇ ਰੈਣ ਸਬਾਈ ਕੀਰਤਨ

ਹਰ ਸਾਲ ਵਾਂਗ ੪ ਅਪ੍ਰੈਲ ਸ਼ਨੀਵਾਰ ਦੀ ਰਾਤ ਨੂੰ ਪਿੰਡ ਸ਼ੇਰਪੁਰ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ । ਇਹ ਪਿੰਡ ਜਲੰਧਰ–ਪਠਾਨਕੋਟ ਰੋਡ ਤੇ ਹੈ ਅਤੇ ਮੁਕੇਰੀਆਂ ਤੋਂ ੬ ਕਿਲੋਮੀਟਰ ਹੈ ।



www.AKJ.Org

# ਸੱਚਾ ਸਾਹਿਬ ਅੱਲਾ ਮਾਲਕ ਨਿਰੰਕਾਰ ਅਕਾਲ ਗੁਸਾਈਂ

(ਸ: ਤ੍ਰਿਲੋਕ ਸਿੰਘ ਵਾਸੂ, ਪਾਂਛਟਾ, ਕਪੂਰਥਲਾ)

ਹੇਠ ਲਿਖੀ ਕਵਿਤਾ ਵਿਚ ਲੇਖਕ ਨੇ ਗੁਰਬਾਣੀ ਦੀਆਂ ਕਈ ਤੁਕਾਂ
ਥੋੜੇ ਬਹੁਤੇ ਫ਼ਰਕ ਨਾਲ ਵਰਤੀਆਂ ਹੋਈਆਂ ਹਨ ।

ਫੜੇ-ਫਿਰੰਗੀ ਦੀ ਮੱਤ ਮੰਦੀ, ਜ਼ੁਲਮ ਸਿਤਮ ਦੀ ਹੱਦ ਮੁਕਾਈ।
ਦੋ ਸਦੀਆਂ ਦਾ ਦੌਰ ਗੁਲਾਮੀ, ਕੀਤੇ ਵਡ-ਮੰਦ ਕਰਮ ਕਸਾਈ।
ਔਖੀ ਮੁਸ਼ਕਿਲ ਮਿਲੀ ਅਜ਼ਾਦੀ, ਵਿਛੜ ਗਿਆ ਭਾਈ ਤੋਂ ਭਾਈ।
ਖੂਹ-ਖਾਤੇ ਸਭ ਪਈ ਮਨੁਖਤਾ, ਨਾਦਰ-ਸ਼ਾਹੀ ਗਈ ਦੁਹਰਾਈ।
ਉਲਟਾ ਖੇਲ ਪਿਰੰਮ ਦਾ, ਅਚਰਜ ਖੇਲ ਨ ਲਖਿਓ ਜਾਈ।
ਗੀਤ ਤੌਹੀਦ ਗਾਇਆ ਗੁਰੂ ਨਾਨਕ, ਸੋਈ ਗੀਤ ਹੁਣ ਗਾਇਆ ਜਾਈ।
ਜੋ ਨਾਦ ਨਨਕਾਣੇ ਵਜਿਆ, ਸੋਈ ਨਾਦ ਵਜਾਇਆ ਜਾਈ।
ਸਭ ਕੋ ਮੀਤ ਹਮਾਰੇ ਸਾਜਨ, ਹਮ ਸਭਨਾਂ ਕੇ ਸਾਜਨ ਭਾਈ।
ਹਿੰਦੂ ਮੁਸਲਿਮ ਵੀਰ ਪਿਆਰੇ, ਸਿੱਖ ਈਸਾਈ ਭਾਈ ਭਾਈ।
ਮੋਮਨ ਪਾਕ ਫ਼ਰਿਸ਼ਤੇ ਬਣ ਗਏ, ਗੁਰਸਿਖੀ ਦੀ ਘਾਲ ਕਮਾਈ।
ਗੌਤਮ ਬੁਧ, ਮਸੀਹਾ ਈਸਾ, ਸਭ ਗੁਰ ਪੀਰ ਹਮਾਰੇ ਆਈ।
ਪੜ੍ਹ ਬਾਣੀ ਸਤਿਗੁਰੁ ਨਾਨਕ ਦੀ, ਤਰ ਗਈ ਸਗਲੀ ਸੈਲ ਲੋਕਾਈ।
ਵਿਚ ਦੁਨੀਆ ਦੇ ਸਵ ਕਮਾਈਏ, ਤਾਂ ਫਿਰ ਦਰਗਹ ਬੈਸਣ ਪਾਈ।
ਸੇਵਕ ਬਣ ਕੇ ਸੇਵ ਕਮਾ ਲਓ, ਕਰੋ ਕੰਮ ਏਕ ਭਲਿਆਈ।
ਹੀਰਾ ਜਨਮ ਅਮੋਲਕ ਮਿਲਿਆ, ਬਣ ਜਾਓ ਖ਼ਿਦਮਤਗਾਰ ਖ਼ੁਦਾਈ।
ਸੱਚਾ ਪਾਤਸ਼ਾਹ ਗੁਰੂ ਨਾਨਕ, ਨਨਕਾਣਾ ਸੱਚੀ ਪਾਤਸ਼ਾਹੀ।
ਨਾਨਕ ਨਾਮ ਅਮੋਲ ਮੁਬਾਰਕ, ਦੁਖ ਦੁਸ਼ਮਨ ਸਭ ਦੂਰ ਬਲਾਈ।
ਜੋਤੀ ਸਤਿਗੁਰੂ ਨਾਨਕ ਜੀ ਦੀ, ਚਲ ਕਰਤਾਰ ਪੁਰੇ ਵਿਚ ਆਈ।
ਦਰਸ਼ਨ ਕਰ ਲਓ, ਦੁਖੜੇ ਹਰ ਲਓ, ਮਿਲ ਕੇ ਭਾਈ ਦੇ ਸੰਗ ਭਾਈ।
ਉੱਚਾ ਦਰ ਸਤਿਗੁਰ ਨਾਨਕ ਦਾ, ਸੁਣ ਸੋਭਾ ਸਭ ਸੰਗਤ ਆਈ।
ਸੰਗਤ ਮਿਲ ਅਰਜ਼ੋਈ ਕਰਦੀ, ਇਕ-ਮਨ ਇਕ-ਚਿਤ ਭਾਇ ਸੁਭਾਈ।
ਸਭਨਾਂ ਜੀਆਂ ਕਾ ਇਕ ਦਾਤਾ, ਸੋ ਮੈ ਕਦੇ ਨ ਵਿਸਰ ਜਾਈ।
ਕਲੀ ਕਾਲ ਮਹਾਂ ਬਿਖਿਆ ਮਹਿ, ਲਜਾ ਰਾਖੀ ਰਾਮ ਸਹਾਈ।
ਸੱਚਾ ਸਾਹਿਬ ਅੱਲਾ ਮਾਲਕ ਨਿਰੰਕਾਰ ਅਕਾਲ ਗੁਸਾਈਂ।

# ਅੰਬਾਲਾ ਛਾਉਣੀ ਵਿਖੇ ਰੈਣ ਸਬਾਈ ਕੀਰਤਨ

ਦਾਸ ਦੇ ਗ੍ਰਿਹਿ ਵਿਖੇ ੨੮ ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਅਖੰਡ ਕੀਰਤਨੀ ਜਥਿਆਂ ਵਲੋਂ ਹੋ ਰਹੇ ਹਨ। ਸੰਗਤਾਂ ਦਰਸਨ ਦੇ ਕੇ ਨਿਵਾਜਣ ਜੀ।

ਦਾਸਰਾ—ਦੁਰਲਭ ਸਿੰਘ, 2416-ਦੁਰਗਾਚਰਨ ਰੋਡ, ਅੰਬਾਲਾ ਛਾਉਣੀ



www.AKJ.Org

## ਭੁਲਦੇ ਉਸ ਨੂੰ ਜਾ ਰਹੇ ਹਾਂ

ਸ: ਸਿਮਰਜੀਤ ਸਿੰਘ ਹੁਸ਼ਿਆਰਪੁਰ

ਲਗਦਾ ਇਨ੍ਹਾਂ ਰਗਾਂ ਵਿਚੋਂ,
ਉਹ ਖ਼ੂਨ ਸੁਕਦਾ ਜਾ ਰਿਹਾ।
ਸਿੰਘ ਦਾ ਅਜ ਸਿੰਘ ਨਾਲੋਂ,
ਪਿਆਰ ਟੁੱਟਦਾ ਜਾ ਰਿਹਾ।
ਅੰਮ੍ਰਿਤ ਵੇਲੇ ਉੱਠਣਾ ਤਾਂ,
ਸਭ ਕੋਲੋਂ ਛੁੱਟਦਾ ਜਾ ਰਿਹਾ।
ਗਰੀਬ ਲਈ ਲੜਨ ਤੋਂ,
ਹਰ ਸਿੰਘ ਭੱਜਦਾ ਜਾ ਰਿਹਾ।੧।
ਦਾੜ੍ਹੀ ਨੂੰ ਕਟਣਾ ਤਾਂ ਅਸੀਂ,
ਫੈਸ਼ਣ ਬਣਾ ਰਹੇ ਹਾਂ।
ਭਰਵੱਟੇ ਕਟਾ ਕੇ,
ਨਵਾਂ ਹੁਸਨ ਸਜਾ ਰਹੇ ਹਾਂ।
ਕਲੱਬਾਂ ਵਿਚ ਸ਼ਾਮ ਨੂੰ,
ਨਵੀਂ ਸੰਗਤ ਬਣਾ ਰਹੇ ਹਾਂ।
ਕਾਮੀ ਇਸ ਮਾਇਆ ਵਿਚ,
ਭੁੱਲਦੇ 'ਉਸ' ਨੂੰ ਜਾ ਰਹੇ ਹਾਂ।੨।
ਅਮੀਰੀ ਦਿਖਾਉਣ ਲਈ,
ਦਾੜ੍ਹੀ ਬੰਨ੍ਹਣੀ ਜ਼ਰੂਰੀ ਏ।
ਮਾਡਰਨ ਬਨਣ ਲਈ,
ਟੈਲੀਵਿਯਨ ਜ਼ਰੂਰੀ ਏ।
ਸਹਿਰੀ ਕਹਾਉਣ ਲਈ,
ਸਾੜ੍ਹੀ ਜ਼ਰੂਰੀ ਏ।
ਸਭੋ ਕੁਝ ਇਹ ਸਾਡੀ,
ਬੜੀ ਮਜਬੂਰੀ ਏ।੩।
ਅੰਮ੍ਰਿਤ ਅਜ ਛਕਣਾ,
ਅਨੋਖਾ ਕੰਮ ਲਗਦਾ ਏ।
ਜੇ ਇਕ ਛਕ ਲਵੇ,
ਘਰੋਂ ਉਹ ਭੱਜਦਾ ਏ;
ਕਿਉਂਕਿ ਸਾਰਾ ਘਰ,
ਉਸ ਤੇ ਹੱਸਦਾ ਏ।
ਇਸ ਲਈ ਸਿੰਘ ਅਜ,

ਧਰਮ ਪਰਚਾਰ ਦਾ,
ਨਾਅਰਾ ਉੱਚੀ ਲਾਈਦਾ।
ਸਟੇਜ ਤੇ ਚੜ੍ਹ ਕੇ,
ਰੌਲਾ ਬੜਾ ਪਾਈਦਾ।
ਮਹਾਨ ਇਤਿਹਾਸ ਨੂੰ,
ਵਾਰ ਵਾਰ ਦੁਹਰਾਈਦਾ।
ਪੈਸਾ ਇਕੱਠਾ ਕਰ ਕੇ,
ਕਾਰੋਬਾਰ ਚਲਾਈਦਾ।੫।
ਇਸ ਤਰ੍ਹਾਂ ਬਹੁਤ ਸਾਰੇ
ਭੁੱਲੇ ਭਟਕੇ ਹੋਏ ਹਾਂ।
ਅਗਿਆਨਤਾ ਦੇ ਵਿਚ
ਸਜਣ ਠੱਗ ਬਣੇ ਹੋਏ ਹਾਂ।
ਪੁਤਰ ਦਸਮੇਸ਼ ਤੋਂ,
ਕੁਪੁਤਰ ਬਣੇ ਹੋਏ ਹਾਂ।
ਇੰਜ ਅਸੀਂ ਬਹੁਤ ਸਾਰੇ,
ਬੜੇ ਚਤੁਰ ਬਣੇ ਹੋਏ ਹਾਂ।੬।
ਦਸਮੇਸ਼ ਸਾਡਾ ਪਿਤਾ ਵੀ,
ਕੋਈ ਲੁਕ ਕੇ ਨਹੀਂ ਬੈਠਾ ਹੋਇਆ।
ਸਾਰਿਆਂ ਨੂੰ ਪੁਛੇਗਾ,
ਜਦੋਂ ਪਾਪ ਇਕੱਠਾ ਹੋਇਆ।

## ਖਾਲਸਾ

ਸ: ਮਨਜੀਤ ਸਿੰਘ ਇਲੈਕਟ੍ਰਿਕ ਇੰਜੀਨੀਅਰ, ਮੰਡਿਆਲ

ਖਾਲਸਾ ਸ਼ਕਤੀ, ਖਾਲਸਾ ਭਗਤੀ
ਰਾਜਾ ਵੀ ਤੇ ਜੋਗੀ ਵੀ।
ਖਾਲਸਾ ਸੰਤ ਦੇ ਨਾਲ ਸਿਪਾਹੀ
ਗ੍ਰਿਹਸਥੀ ਵੀ ਤੇ ਭੋਗੀ ਵੀ।
ਦੁੱਖ ਦਾਰੂ ਸੁੱਖ ਰੋਗ ਹੈ ਇਸ ਦਾ
ਧਰਮ-ਕਿਰਤ ਦਾ ਮਾਲਕ ਹੈ।
ਜਬਰ ਜ਼ੁਲਮ ਦਾ ਨਾਸ਼ਵਾਨ ਤੇ
ਦੁਖੀ ਗਰੀਬ ਦਾ ਪਾਲਕ ਹੈ।
ਜੀਵਨ ਇਸ ਦਾ ਸਤਿਗੁਰ ਲੇਖੇ
ਸਰਬਤ ਭਲਾ ਇਹ ਚਾਹੁੰਦਾ ਹੈ।
ਸ਼ਸ਼ਤਰਧਾਰੀ ਤੇਗ ਧਨੀ
ਫਿਰ ਗੁਰਸਿੱਖੀ ਵਰਤਾਉਂਦਾ ਹੈ।
ਸਦਾ ਹੀ ਅੰਗ ਸੰਗ ਸਤਿਗੁਰ ਇਸਦੇ
ਸਦਾ ਹੀ ਸੰਗ ਸਹਾਈ ਹੈ।
ਸਰਬ ਗੁਣਾਂ ਦਾ ਮਾਲਕ ਹੀ ਬੱਸ
ਇਹ ਇਸਦੀ ਵਡਿਆਈ ਹੈ।

www.AKJ.Org

# ਭੈੜੇ ਨਸ਼ਿਆਂ ਨੇ ਕੀਤੀ ਬਹੁਤ ਖੁਆਰੀ

ਵਲੋਂ : ਗਿ: ਸਰੂਪ ਸਿੰਘ ਜੀ ਦਰਵੇਸ਼, ਖੰਨਾ

ਭਾਂਗ, ਮਾਛਲੀ, ਸੁਰਾਪਾਨ, ਜੋ ਜੋ ਖਾਵੇ ਪ੍ਰਾਨੀ।
ਤੀਰਥ, ਬਰਤ, ਨੇਮ ਕੀਏ, ਸਭੇ ਨਿਸਫਲ ਜਾਨੀ।
ਐਸਾ ਮਦ ਮੂਲ ਨ ਪੀਜਈ ਪਿਆਰੇ ਜਿਸ ਤੋਂ ਹੋਵੇ ਹਾਨੀ।
ਬਾਲ ਜੁਆਨੀ ਅਰ ਬਿਰਧ ਫੁਨ, ਤਿੰਨ ਅਵਸਥਾ ਮਾਨੀ।
ਭੈੜੇ ਨਸ਼ਿਆਂ ਨੂੰ ਨਿੰਦੇ ਗੁਰਾਂ ਦੀ ਬਾਨੀ।

ਫ਼ੀਮ ਬੋਲਦੀ ਮੁੱਖੋਂ ਵੀਰਾ, ਆਪਣਾ ਹਾਲ ਸੁਣਾਵਾਂ।
ਕਰੇ ਪ੍ਰੇਮ ਮੁਝ ਸੇ ਜਿਹੜਾ, ਦਰ ਦਰ ਭੀਖ ਮੰਗਾਵਾਂ।
ਠੱਗੀ, ਚੋਰੀ, ਝੂਠ ਬੋਲਣਾ, ਗੰਦਾ ਰਹਿਣ ਸਿਖਾਵਾਂ।
ਭੈਣ ਭਰਾ ਤੇ ਮਾਂ ਬਾਪ ਤੋਂ, ਦੂਰ ਦੂਰ ਰੋਜ਼ ਕਰਾਵਾਂ।
ਖਹਿੜਾ ਛੱਡਦੀ ਨਾ ਰਚ ਹੱਡਾਂ ਵਿਚ ਜਾਵਾਂ।

ਸ਼ਰਾਬ ਪੀਣ ਤੋਂ ਹਾਲਤ ਜਿਹੜੀ, ਹੁੰਦੀ ਪਿਛੋਂ ਆ ਕੇ।
ਡਿੱਗਣ ਨਾਲੀਆਂ ਗੰਦੀਆਂ ਅੰਦਰ,ਬਹਿੰਦੇ ਮੂੰਹ ਭਨਾ ਕੇ।
ਮੁੱਖ ਸੋਹਣੇ ਨੂੰ ਕੁੱਤੇ ਚੱਟਣ, ਕਹੇ 'ਦਰਵੇਸ਼' ਸੁਣਾ ਕੇ।
ਵਿਚ ਜੇਲ੍ਹ ਦੇ ਜਾਂਦੇ ਛੇਤੀ, ਛੱਬੀ ਤੁਰਤ ਲਵਾ ਕੇ।
ਇਜ਼ਤ ਆਪਣੀ ਨੂੰ ਬਹਿੰਦੇ ਆਪ ਗਵਾ ਕੇ।

ਸੁਲਫਾ ਸੁਲਫਾ ਬਹੁਤੇ ਆਖਣ, ਸੁਲਫਾ ਅੱਗ ਲਗਾਵੇ।
ਸੁਲਫੇ ਵਾਲਾ ਵਿਚ ਦੁਨੀ ਦੇ, ਔਖਾ ਵਖਤ ਲੰਘਾਵੇ।
ਮਾਨਸ ਜਨਮ ਦੁਰਲਭ ਜੋ ਮਿਲਿਆ,ਐਵੇਂ ਪਿਆ ਗਵਾਵੇ।
ਰਹਿਣ ਬਹਿਣ ਦੀ ਸੂਝ ਰਹੇ ਨਾ, ਨਸ਼ਾ ਜਦੋਂ ਚੜ੍ਹ ਜਾਵੇ।
ਸੁਲਫੇ ਵਾਲਾ ਹੈ ਅੰਤ ਪਿਆ ਪਛਤਾਵੇ।

ਸੋਹਣੇ ਚੋਬਰ ਸਿਗਰਟ ਪੀਂਦੇ, ਪੈ ਗਈ ਵਾਦੀ ਮਾੜੀ।
ਐਵੇਂ ਬਹੁਤੇ ਮਾਇਆ ਖੋਵਣ, ਕਰੀ ਕਮਾਈ ਗਾੜ੍ਹੀ।
ਲੈ ਨਸਵਾਰਾਂ ਕਰਦੇ ਪੀਲੀਆਂ, ਮੁੱਛਾਂ ਅਤੇ ਦਾੜ੍ਹੀ।
ਭਜਨ ਕਰੋ ਖਾਂ ਰਾਮ ਨਾਮ ਦਾ, ਜਿਹੜਾ ਤੁਹਾਡਾ ਆੜੀ।
ਜ਼ਰਦੇ ਵਾਲੀ ਤੋਂ ਪਾਈ ਆਦਤ ਮਾੜੀ।

ਜੋਧੇ, ਸੂਰੇ, ਬੀਰ ਬਹਾਦਰ, ਬਾਂਕੇ ਤੇ ਬਲਕਾਰੀ।
ਹੋਏ ਜਿਤਨੇ ਨੇ ਹਿੰਦ ਅੰਦਰ, ਰਖਦੇ ਸਿਹਤ ਪਿਆਰੀ।
ਨਸ਼ਿਆਂ ਕੋਲੇ ਮੂਲ ਨ ਜਾਂਦੇ, ਦੁੱਧ, ਦਹੀਂ ਹਿਤਕਾਰੀ।
ਹੁਣ ਦੇ ਚੋਬਰ ਡਰ ਡਰ ਉਠਣ, ਕੀ ਨਰ ਤੇ ਕੀ ਨਾਰੀ।
ਭੈੜੇ ਨਸ਼ਿਆਂ ਨੇ ਕੀਤੀ ਬਹੁਤ ਖੁਆਰੀ।

# ਹਾਲੈਂਡ ਵਿਖੇ ਅਖੰਡ ਕੀਰਤਨ ਪਰੋਗਰਾਮ

੧੫ ਮਾਰਚ ਐਤਵਾਰ ਨੂੰ ਭਾ: ਚੈਨ ਸਿੰਘ ਦੇ ਗ੍ਰਹਿ ਵਿਖੇ ਚੇਤ ਦੀ ਸੰਗਰਾਂਦ ਦਾ ਸਮਾਗਮ ਹੋਣਾ ਨੀਯਤ ਹੋਇਆ ਹੈ। ਸੰਗਤਾਂ ਪੁਜ ਕੇ ਲਾਭ ਉਠਾਉਣ। ਪਤਾ ਇਹ ਹੈ–

Jane Bouxnens Straat--30 A, Rotterdam. Tele. No. 010-194112

# ਦਿੱਲੀ ਅਖੰਡ ਕੀਰਤਨੀ ਜਥੇ ਵਲੋਂ ਭਾਰਤ-ਯਾਤਰਾ

ਪ੍ਰੋਗਰਾਮ ਇਸ ਤਰ੍ਹਾਂ ਹੈ–

੮ ਮਾਰਚ ਦਿੱਲੀ ਤੋਂ ਟਰੇਨ ਰਾਹੀਂ ਰਵਾਨਗੀ, ੯ ਮਾਰਚ ਸ਼ਾਮ ਹਜ਼ੂਰ ਸਾਹਿਬ, ੧੧ ਮਾਰਚ ਸਵੇਰੇ ਨੰਦੇੜ (ਹਜ਼ੂਰ ਸਾਹਿਬ) ਤੋਂ ਸਿਕੰਦਰਾਬਾਦ, ਰਾਤ ਨੂੰ ਉਥੋਂ ਰਵਾਨਗੀ। ੧੨ ਮਾਰਚ ਸਵੇਰੇ ਗੁੰਟਾਕਲ, ਰਾਤ ਉਥੋਂ ਰਵਾਨਗੀ, ੧੩ ਮਾਰਚ ਸ਼ਾਮ ਕੰਨਿਆ ਕੁਮਾਰੀ (ਬਰਾਸਤਾ ਟ੍ਰੀਵੇਂਡਰਮ) ੧੫ ਮਾਰਚ ਕੰਨਿਆ ਕੁਮਾਰੀ ਤੋਂ ਚਲ ਕੇ ੧੬ ਮਾਰਚ ਸ਼ਾਮ ਗੁਲਬਰਗਾ, ੧੭ ਮਾਰਚ ਬਿਦਰ, ੧੮ ਮਾਰਚ ਸਵੇਰੇ ਬੰਬੇ ਦਾਦਰ, ੧੮ ਤੋਂ ੨੨ ਮਾਰਚ ਬੰਬੇ ਤਿੰਨੇ ਦਿਨ ਸਵੇਰੇ ਸ਼ਾਮ ਅਖੰਡ ਕੀਰਤਨ, ੨੧ ਮਾਰਚ ਰਾਤ ਨੂੰ ਰੈਣ ਸਬਾਈ ਤੇ ਅੰਮ੍ਰਿਤ-ਸੰਚਾਰ।

ਬੰਬੇ ਪੁਛ-ਗਿਛ ਲਈ ਸ: ਸਤਨਾਮ ਸਿੰਘ ਫ਼ੋਨ ੫੯੧੩੮੦, ੫੯੩੮੬੩ ਤੇ ੩੫੦੧੩੫

੨੨ ਮਾਰਚ ਸ਼ਾਮ ਬੰਬੇ ਤੋਂ ਦਿੱਲੀ ਲਈ ਰਵਾਨਗੀ।



www.AKJ.Org

## ਗੋਆ ਵਿਖੇ ਅਖੰਡ ਕੀਰਤਨ ਸਮਾਗਮ ਤੇ ਅੰਮ੍ਰਿਤ-ਸਿੰਚਾਰ

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮੰਗੂਰ ਹਿਲ, ਵਾਸਕੋ-ਦ-ਗਾਮਾ, ਗੋਆ ਵਿਖੇ ੨੬ ਤੇ ੨੭ ਮਾਰਚ ਅਖੰਡ ਕੀਰਤਨ ਹੋ ਰਹੇ ਹਨ ਅਤੇ ੨੮ ਮਾਰਚ ਸ਼ਨੀਵਾਰ ਦੀ ਰਾਤ ਨੂੰ ਰੈਣ-ਸਬਾਈ ਕੀਰਤਨ ਅਤੇ ਮ੍ਰਿਤ-ਸਿੰਚਾਰ-ਸਮਾਗਮ ਹੋਣਗੇ। ਦਰਸ਼ਨ ਦੇ ਕੇ ਨਿਵਾਜੋ ਜੀ।

ਦਾਸਰੇ—ਅਖੰਡ ਕੀਰਤਨੀ ਜਥਾ, ਵਾਸਕੋ-ਦ-ਗਾਮਾ, ਗੋਆ (ਭਾਰਤ)

## ਡ ਟਾਹਲੀ ਸਾਹਿਬ (ਕਰਤਾਰਪੁਰ) ਵਿਖੇ ਅਖੰਡਪਾਠ ਤੇ ਅਖੰਡ ਕੀਰਤਨ

ਭਾਈ ਜਰਨੈਲ ਸਿੰਘ ਪਿੰਡ ਟਾਹਲੀ ਸਾਹਿਬ, ਨੇੜੇ ਰੇਲਵੇ ਸਟੇਸ਼ਨ ਕਰਤਾਰਪੁਰ ਸੂਚਨਾ ਦਿੰਦੇ ਹਨ ੍ਹਨਾਂ ਦੇ ਗ੍ਰਹਿ ਵਿਖੇ ੫ ਅਪ੍ਰੈਲ ਐਤਵਾਰ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ ਤੇ ਦੁਪਹਿਰ ਤਕ ਡ ਕੀਰਤਨ ਹੋਣਗੇ। ਦਰਸ਼ਨ ਦੇ ਕੇ ਨਿਵਾਜੋ ਜੀ।

## ਕੁਰਾਲੀ (ਹੁਸ਼ਿਆਰਪੁਰ) ਵਿਖੇ ਅਖੰਡਪਾਠ ਤੇ ਰੈਣ ਸਬਾਈ

ਸ਼ਹੀਦ ਅਵਤਾਰ ਸਿੰਘ ਜੀ ਦੀ ਸਾਲਾਨਾ ਯਾਦ ਮਨਾਂਦਿਆਂ ਹੋਇਆਂ ੨੮ ਮਾਰਚ ਸ਼ਨੀਵਾਰ ਨੂੰ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ ਅਤੇ ਆਸਾ ਦੀ ਵਾਰ ਦੇ ਕੀਰਤਨ ਹੋਣਗੇ। ਰਾਤ ਨੂੰ ਰੈਣ ਸਬਾਈ ਤਨ ਹੋਣਗੇ। ਸਮੂਹ ਸੰਗਤਾਂ ਦਰਸ਼ਨ ਦੇ ਕੇ ਨਿਵਾਜਣ ਜੀ।

ਸਰੇ—ਕਿਰਪਾਲ ਸਿੰਘ ਅਤੇ ਸਮੂਹ ਪਰਵਾਰ ਸ਼ਹੀਦ ਅਵਤਾਰ ਸਿੰਘ ਕੁਰਾਲੀ ਕਲਾਂ (ਹੁਸ਼ਿਆਰਪੁਰ)

ਜਲੰਧਰ ਤੋਂ ਪਠਾਨਕੋਟ ਰੋਡ, ਨੇੜੇ ਟਾਂਡਾ ਉੜਮੁੜ

## ਹਪੁਰ (ਹੁਸ਼ਿਆਰਪੁਰ) ਵਿਖੇ ਸਾਲਾਨਾ ਰੈਣ ਸਬਾਈ ਅਖੰਡ ਕੀਰਤਨ

ਭਾਈ ਅਨੂਪ ਸਿੰਘ ਜੀ ਸੰਗਤਾਂ ਦੀ ਸੇਵਾ ਵਿਚ ਬਿਨੈ ਕਰਦੇ ਹਨ ਕਿ ੭ ਮਾਰਚ ਸ਼ਨੀਵਾਰ ਰਾਤ ਨੂੰ ਬਾਈ ਕੀਰਤਨ ਹੋਣਗੇ। ਹੁਸ਼ਿਆਰਪੁਰ ਪਟਰੌਲ ਪੰਪ ਨੇੜੇ ਮੋਟਰ ਅੱਡੇ ਤੋਂ ੭ ਵਜੇ ਸ਼ਾਮ ਟਰਾਲੀ । ਸੰਗਤਾਂ ਦਰਸ਼ਨ ਬਖਸ਼ਣ ਜੀ। ਫਤੈਹਪੁਰ ਪਿੰਡ ਹੁਸ਼ਿਆਰਪੁਰ ਤੋਂ ਟਾਂਡਾ ਉੜਮੁੜ ਰੋਡ ਤੇ ਹੈ।

## ਮੁਕਤਸਰ ਵਿਖੇ ਸ੍ਰੀ ਅਖੰਡਪਾਠ ਤੇ ਕੀਰਤਨ ਸਮਾਗਮ

ਦਾਸ ਦੇ ਗ੍ਰਹਿ ਵਿਖੇ ੧੫ ਮਾਰਚ ਨੂੰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਪੈਣਗੇ। ਉਪਰੰਤ ਦੁਪਹਿਰ ਤਕ ਕੀਰਤਨ ਹੋਣਗੇ। ਕੀਰਤਨੀਏ ਵੀਰ ਭੈਣਾਂ ਅਤੇ ਸਮੂਹ ਸੰਗਤਾਂ ਦਰਸ਼ਨ ਦੇ ਕੇ ਨਿਵਾਜਣ।

ਦਾਸਰਾ—ਬੰਤਾ ਸਿੰਘ, ਨੇੜੇ ਸੇਤੀਆ ਆਇਲ ਸਟੋਰ, ਅਬੋਹਰ ਰੋਡ, ਮੁਕਤਸਰ

## ਾਰ ਦੇ ਪਿੰਡਾਂ ਵਿਚ ਅਖੰਡ ਕੀਰਤਨੀ ਜਥਾ ਮੰਨਣ ਵਲੋਂ ਕੀਰਤਨ

ਭਾਈ ਸੁਬੇਗ ਸਿੰਘ ਜੀ ਮੰਨਣ ਸੂਚਨਾ ਦੇਂਦੇ ਹਨ ਕਿ ਪਿੰਡਾਂ ਵਿਚ ਸ਼ਾਮ ੮ ਤੋਂ ੧੧ ਹੇਠ ਲਿਖੇ ਪ੍ਰੋਗਰਾਮ ਹੋ ਰਹੇ ਹਨ—

੧ ਦੁਗਰੀ, ੩ ਮੁਸਤਾਪੁਰ, ੪ ਮੰਨਣ, ੫ ਸ਼ਿਵਦਾਸਪੁਰ, ੮ ਮਾਂਗੇਕੇ, ੧੦ ਖਾਨਕੇ, ੧੧ ਮੰਨਣ, ੧੨ ਐਮਾ ਸਿੰਘਾ, ੧੩ ਰੰਧਾਵਾ, ੧੫ ਬਾਹੋਪੁਰ, ੧੭ ਘੁਗਾਂ, ੧੮ ਮੰਨਣ, ੧੯ ਤੋਂ ੨੨ ਹੋਲਾ ਮਹੱਲਾ ਅਨੰਦਪੁਰ ਸਾਹਿਬ, ੨੪ ਤਲਵੰਡੀ, ੨੬ ਅੰਬਗੜ੍ਹ, ੨੯ ਨੂਰ ਪੁਰ, ੩੧ ਗਊਵਾਲੀ।

'ਸੂਰਾ' ਅੰਮ੍ਰਿਤਸਰ, ਮਾਰਚ ੧੯੮੧

www.AKJ.Org

"ਵਡਾ ਘਲੂਘਾਰਾ ਤੇ ਅਬਦਾਲੀ" ਵਾਲਾ ਲੇਖ ਕੈਪਟਨ ਸਾਹਿਬ ਦੀ ਸਿਹਤ ਦੀ ਕੁਝ ਖਰਾਬੀ ਕਰਕੇ ਐਤਕੀ ਨਹੀ ਪੁਜ ਸਕਿਆ। ਸਤਿਗੁਰੂ ਸਦਾ ਮਿਹਰ ਕਰਨ।

## 'ਸੂਰਾ' ਮਾਸਕ ਪੱਤਰ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਪਾਠਕਾਂ ਦੇ ਸੌ ਸੌ ਰੁਪਏ ਪੁੱਜੇ ਹਨ। ਸਭ ਦੀਆਂ ਬੈਂਕ ਵਿਚੋਂ ਬਣਵਾਈਆਂ ਗਈਆਂ ਐਫ਼ ਡੀਆਂ ਦੇ ਨੰਬਰ ਇਸ ਤਰ੍ਹਾਂ ਹਨ :-

| | | | |
|---|---|---|---|
| 771. ਸ: ਮਿੱਤ ਸਿੰਘ ਲੁਧਿਆਣਾ | (ਚਿਟ ਨੰ: 3771) | 170880/184/81 | ਮਿਤੀ 25-2-81 |
| 772. ਮੇਜਰ ਸੁਰਜਨ ਸਿੰਘ ਬੈਂਗਲੌਰ | ( ,, 3772) | 170881/185/81 | ,, |
| 773. ਭਾ: ਦਯਾ ਸਿੰਘ ਲੁਧਿਆਣਾ | ( ,, 3773) | 170882/186/81 | ,, |
| 774. ਸ: ਸੁਰਜੀਤ ਸਿੰਘ ਅਫਸਰ ਗਰੇਡ ॥ | ( ,, 3774) | 170883/187/81 | ,, |
| 775. ਸ: ਹਰਮਿੰਦਰ ਸਿੰਘ ਸਮਰਾਲਾ | ( ,, 3775) | 170884/188/81 | ,, |
| 776. ਸਾਰਜੰਟ ਜੋਗਿੰਦਰ ਸਿੰਘ ਬੈਂਗਲੋਰ | ( ,, 3776) | 170885/189 81 | ,, |
| 777. ਬੀਬੀ ਜਗਦੀਸ਼ ਕੌਰ ਸਿਸਟਰ ਟਿਊਟਰ | ( ,, 3777) | 170886/190/81 | ,, |
| 778. ਸ: ਜਗਦੇਵ ਸਿੰਘ ਸੰਭੀ ਜਲੰਧਰ | ( ,, 3778) | 170887/191/81 | ,, |
| 779. ਸ: ਹਰਦੀਪ ਸਿੰਘ ਕਲਕੱਤਾ | ( ,, 3779) | 170888/192/81 | ,, |
| 780. ਸ: ਹਰਦੇਵ ਸਿੰਘ ਬੜੌਦਾ | ( ,, 3780) | 170889/193/81 | ,, |

### ਅਮਾਨਤੀ ਲਾਈਫ਼ ਮੈਂਬਰ--ਪਰਦੇਸਾਂ ਲਈ ਰੇਟ

ਯੂ. ਕੇ., ਅਫ਼ਰੀਕਾ 650/-    ਅਰਬ ਮਲਾਇਆ ਆਦਿ 500/-    ਕੈਨੇਡਾ ਅਮਰੀਕਾ 750/-

## HAIR – A DIVINE GIFT

ਅੰਗਰੇਜ਼ੀ ਦਾ ਇਹ ਟਰੈਕਟ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਟਰੈਕਟ "ਕੀ ਕੇਸ ਰਖਣੇ ਜ਼ਰੂਰੀ ਹਨ ?" ਦਾ ਉਲਥਾ ਹੈ। ਅੰਗਰੇਜ਼ੀ ਪੜ੍ਹੇ ਲਿਖੇ ਸਜਣਾਂ ਵਿਚ, ਕੇਸਾਂ ਦੀ ਮਹੱਤਤਾ ਬਾਰੇ ਇਸ ਟਰੈਕਟ ਨੂੰ ਥਾਉਂ ਥਾਈਂ ਪਹੁੰਚਾਓ। ਭੇਟਾ ਚਾਲੀ ਪੈਸੇ

## ਸ਼ਹੀਦਾਂ ਦੇ ਨਮਿਤ ਸ੍ਰੀ ਅੰਮ੍ਰਿਤਸਰ ਵਿਖੇ ਮਾਸਕ ਰੈਣ ਸਬਾਈ

ਹਰ ਮਹੀਨੇ ਗੁਰਦਵਾਰਾ ਰਾਮਸਰ ਵਿਖੇ ਸ਼ਹੀਦਾਂ ਦੇ ਨਮਿਤ ਜੋ ਰੈਣ ਸਬਾਈ ਕੀਰਤਨ ਹੁੰਦੇ ਹਨ, ਉਹ ਐਤਕੀ 14 ਮਾਰਚ ਸ਼ਨੀਵਾਰ ਦੀ ਰਾਤ ਨੂੰ ਹੋ ਰਹੇ ਹਨ। ਸੰਗਤਾਂ ਪੁਜ ਕੇ ਰਸ ਭੁੰਚਣ ਜੀ।

## ਮਾ: ਨਿਰੰਜਨ ਸਿੰਘ ਜੀ ਦੇ ਪਿਤਾ ਜੀ ਨਮਿਤ ਸ੍ਰੀ ਅਖੰਡਪਾਠ ਤੇ ਕੀਰਤਨ

ਸਾਡੇ ਪਿਤਾ ਸ: ਤੇਜਾ ਸਿੰਘ ਜੀ ਦੀ ਸਾਲਾਨਾ ਯਾਦ ਵਿਚ 8 ਮਾਰਚ ਐਤਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਅਖੰਡ ਕੀਰਤਨ ਹੋਣਗੇ। ਇਹ ਪ੍ਰੋਗਰਾਮ ਤਲਵੰਡੀ ਰਤੋਵਾਲ (ਸੋਹਲ ਤੋਂ ਡੇਢ ਮੀਲ, ਧਾਰੀਵਾਲ ਤੋਂ 3 ਮੀਲ) ਡਾਕਘਰ ਬਬਰੀ ਨੰਗਲ ਜ਼ਿਲਾ ਗੁਰਦਾਸਪੁਰ ਵਿਖੇ ਹੋਣਗੇ।

ਦਾਸਰੇ—ਨਿਰੰਜਨ ਸਿੰਘ, ਦਲੀਪ ਸਿੰਘ, ਰਤਨ ਸਿੰਘ, ਹਰਭਜਨ ਸਿੰਘ

www.AKJ.Org

# ਸਾਲਾਨਾ ਹੋਲਾ ਮਹੱਲਾ ਸਮਾਗਮ ਸ੍ਰੀ ਅਨੰਦਪੁਰ ਸਾਹਿਬ

## ਬੁਧਵਾਰ ਸਵੇਰੇ 18 ਤੋਂ 21 ਮਾਰਚ ਸਨਿਚਰਵਾਰ ਸਵੇਰ ਤਕ

ਹਰ ਸਾਲ ਵਾਂਗ ਹੋਲਾ ਮਹੱਲਾ ਕਲਗੀਧਰ ਸੱਚੇ ਪਾਤਸ਼ਾਹ ਦੀ ਨਗਰੀ ਵਿਖੇ ਅਖੰਡ ਕੀਰਤਨੀ ਜਥਿਆਂ ਗੁਰਦਵਾਰਾ ਕਲਗੀਧਰ ਕੀਰਤਨ ਦਰਬਾਰ ਵਿਖੇ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਕੀਰਤਨ ਦੇ ਲਾਹੇ ਲੈਣ ਲਈ ਹੁਮ-ਹੁਮਾ ਕੇ ਦਰਸ਼ਨ ਬਖਸ਼ੋ ਜੀ। ਪ੍ਰੋਗਰਾਮ ਇਉਂ ਹੈ :–

| | | |
|---|---|---|
| ੧੮-੩-੮੧ | ਸਵੇਰੇ ੫ ਵਜੇ ਆਰੰਭ ਸ੍ਰੀ ਅਖੰਡਪਾਠ | ਗੁਰਦਵਾਰਾ ਕਲਗੀਧਰ ਕੀਰਤਨ ਦਰਬਾਰ |
| | ਸ਼ਾਮ ੬ ਤੋਂ ੯ ਸੋਦਰ ਦੀ ਚੌਕੀ | ਗੁਰਦਵਾਰਾ ਲੋਹਗੜ੍ਹ ਸਾਹਿਬ |
| ੧੯-੩-੮੧ | ਸਵੇਰੇ ੫ ਤੋਂ ੧੨ ਆਸਾ ਦੀ ਵਾਰ ਅਖੰਡ ਕੀਰਤਨ | ਗੁਰਦਵਾਰਾ ਕਲਗੀਧਰ ਕੀਰਤਨ ਦਰਬਾਰ |
| | ਦੁਪਹਿਰ ੨ ਵਜੇ ਨਗਰ ਕੀਰਤਨ ਆਰੰਭ | ਗੁਰ-ਅਸਥਾਨਾਂ ਦੇ ਦਰਸ਼ਨ ਪਰਸਨ ਤੇ ਯਾਤਰਾ |
| | ਸ਼ਾਮ ੭ ਤੋਂ ੯ ਅਖੰਡ ਕੀਰਤਨ | ਤਖ਼ਤ ਸ੍ਰੀ ਕੇਸਗੜ੍ਹ ਸਾਹਿਬ |
| ੨੦-੩-੮੧ | ਸਵੇਰੇ ੫ ਤੋਂ ੧੨ ਭੋਗ ਸ੍ਰੀ ਅਖੰਡਪਾਠ ਤੇ ਅਖੰਡ ਕੀਰਤਨ | ਅੰਮ੍ਰਿਤ ਸੰਚਾਰ ਦੁਪਹਿਰ ਤਿੰਨ ਵਜੇ |
| | ਸ਼ਾਮ ੭ ਵਜੇ ਆਰੰਭ ਰੈਣ ਸਬਾਈ | ੨੧-੩-੮੧ ਸਵੇਰੇ ਸਤ ਵਜੇ ਭੋਗ ਰੈਣ ਸਬਾਈ |

ਨੋਟ :–ਲੰਗਰ, ਰਿਹਾਇਸ਼ ਆਦਿ ਦਾ ਸਾਰਾ ਪ੍ਰੋਗਰਾਮ ਗੁਰਦਵਾਰਾ ਕੀਰਤਨ ਦਰਬਾਰ (ਗੁ: ਲੋਹਗੜ੍ਹ ਰੋਡ) ਵਿਖੇ ਹੋਵੇਗਾ।
ਜਪ ਤਪ ਸਮਾਗਮ ੧੦-੩-੮੧ ਤੋਂ ੧੮-੩-੮੧ ਤਕ ਹੋਵੇਗਾ।

ਦਾਸਰੇ–ਗੁਰਮੇਜ ਸਿੰਘ ਬਖਸ਼ੀਸ਼ ਸਿੰਘ (ਪਿੰਡ ਗਿਲ) ਗੁਰੂ ਨਾਨਕ ਕੋਲਡ ਸਟੋਰੇਜ਼, ਚੁਗਾਵਾਂ, ਡਾਕਘਰ ਸਮੀਪੁਰ (ਜਲੰਧਰ)

---

# ਅਖੰਡ ਕੀਰਤਨੀ ਜਥਿਆਂ ਵਲੋਂ ਸਾਲਾਨਾ ਵੈਸਾਖੀ ਸਮਾਗਮ ਅੰਮ੍ਰਿਤਸਰ ਵਿਖੇ

## ੧੧ ਤੋਂ ੧੪ ਅਪ੍ਰੈਲ ਤਕ-ਪੂਰਾ ਪ੍ਰੋਗਰਾਮ ਆਉਂਦੇ ਪਰਚੇ ਵਿਚ

---

# ਅਖੰਡ ਕੀਰਤਨੀ ਜਥਾ ਲੁਧਿਆਣਾ ਵਲੋਂ ਪਿੰਡਾਂ ਵਿਚ ਕੀਰਤਨ ਪ੍ਰੋਗਰਾਮ

ਸ਼ਬਦ ਗੁਰੂ ਦੀ ਆਨ ਸ਼ਾਨ ਖ਼ਾਤਰ ਸ੍ਰੀ ਅੰਮ੍ਰਿਤਸਰ ਵਿਖੇ ਵਿਸਾਖੀ ੭੮ ਵਾਲੇ ਦਿਨ ਸ਼ਹੀਦ ਹੋਏ ਸਿੰਘਾਂ ਦੀ ਯਾਦ ਵਿਚ ਹਰ ਮੰਗਲਵਾਰ ਨੂੰ ਪਿੰਡਾਂ ਵਿਚ ਹੋ ਰਹੇ ਕੀਰਤਨ ਸਮਾਗਮਾਂ ਦਾ ਵੇਰਵਾ ਇਸ ਪ੍ਰਕਾਰ ਹੈ :–

3 ਮਾਰਚ ਗੁ: ਸਾਹਿਬ ਸੋਹੀਆਂ ਤਸੀਲ ਜਗਰਾਓ, 10 ਮਾਰਚ ਗੁ: ਸਾਹਿਬ ਰਤੋਵਾਲ ਨੇੜੇ ਸੁਧਾਰ
17 ਮਾਰਚ ਗੁ: ਸਾਹਿਬ ਸ਼ਹੀਦ ਰਛਪਾਲ ਸਿੰਘ ਨਗਰ, (ਅਲੀਗੜ੍ਹ) ਨੇੜੇ ਜਗਰਾਉਂ, 24 ਮਾਰਚ ਗੁ: ਸਾਹਿਬ ਬੁਢੇਵਾਲ ਨੇੜੇ ਕੁਹਾੜਾ
31 ਮਾਰਚ ਗੁ: ਸਾਹਿਬ ਟੋਡਰਪੁਰ ਨੇੜੇ ਸਮਰਾਲਾ

ਸੰਗਤਾਂ ਦਾ ਦਾਸ–ਦਰਸ਼ਨ ਸਿੰਘ (ਡਾ:), 8/9, ਖੇਤੀ ਯੂਨੀਵਰਸਿਟੀ, ਲੁਧਿਆਣਾ

---

# ਖੰਨਾ ਵਿਖੇ ਸ੍ਰੀ ਅਖੰਡਪਾਠ ਤੇ ਸਾਲਾਨਾ ਰੈਣ ਸਬਾਈ ਕੀਰਤਨ ਸਮਾਗਮ

੭ ਮਾਰਚ ਸ਼ਨੀਵਾਰ ਸਵੇਰੇ ਭਾਈ ਗੁਰਮੁਖ ਸਿੰਘ ਲਿਬੜਾ, 1390 3, ਨਵੀਂ ਅਬਾਦੀ, ਖੰਨਾ ਵਿਖੇ ਸ੍ਰੀ ਅਖੰਡਪਾਠ ਦੇ ਭੋਗ ਉਪਰੰਤ ਦਿਵਸ ਸੁਹੇਲਾ ਕੀਰਤਨ ਹੋਣਗੇ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ ਜੀ।

ਦਾਸਰੇ–ਅਖੰਡ ਕੀਰਤਨੀ ਜਥਾ, ਖੰਨਾ

---

# ਮੋਗਾ ਵਿਖੇ ਰੈਣ ਸਬਾਈ ਕੀਰਤਨ

੪ ਅਪ੍ਰੈਲ ਸ਼ਨੀਵਾਰ ਦੀ ਰਾਤ ਨੂੰ ਭਾਈ ਜਗਮੋਹਨ ਸਿੰਘ, ਜਵਾਹਰ ਨਗਰ, ਗਲੀ ਨੰਬਰ ੮, ਮਕਾਨ ਨੰਬਰ ੧੦੧ ਵਿਖੇ ਅਖੰਡ ਕੀਰਤਨੀ ਜਥਿਆਂ ਵਲੋਂ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ।

---

'ਸੂਰਾ' ਮਾਸਕ ਪੱਤਰ, ਕੂਚਾ ਚਤਰ ਸਿੰਘ, ਬਜ਼ਾਰ ਮਾਈ ਸੇਵਾਂ, ਅੰਮ੍ਰਿਤਸਰ

ਟਾਈਟਲ : ਨਵਕੇਤਨ ਪ੍ਰੈਸ, ਅੰਮ੍ਰਿਤਸਰ।

www.AKJ.Org